ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸੋਮਵਾਰ, ਮਿਤੀ 24 ਮਈ, 2010 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ
3. ਡਾ. ਏ.ਕੇ. ਠੁਕਰਾਲ,
   ਡੀਨ, ਲਾਈਫ ਸਾਇੰਸਜ਼ ਫੈਕਲਟੀ
4. ਡਾ. ਸ਼ਸ਼ੀ ਬਾਲਾ
   ਡੀਨ, ਹਿਊਮੈਨੇਟੀਜ਼ ਤੇ ਰਿਲੀਜਸ ਸਟੱਡੀਜ਼ ਫ਼ੈਕਲਟੀ
5. ਡਾ. ਐਸ.ਐਸ. ਸੇਖੋਂ,
   ਡੀਨ, ਅਪਲਾਈਡ ਸਾਇੰਸਜ਼ ਫੈਕਲਟੀ
6. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗ੍ਰੇਜੀ ਵਿਭਾਗ
7. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
8. ਮਿਸਿਜ਼ ਵੀਨਾ ਦਾਦਾ,
   ਪ੍ਰਿੰਸੀਪਲ, ਸੇਂਟ ਸੋਲਜ਼ਰ ਕਾਲਜ (ਕੋ-ਐਜੂਕੇਸ਼ਨ), ਜਲੰਧਰ
9. ਡਾ. (ਮਿਸਿਜ਼) ਸੁਰੂਚੀ ਰਿਸ਼ੀ,
   ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਕਪੂਰਥਲਾ
10. ਸ. ਪਰੇਮ ਸਿੰਘ, ਐਡਵੋਕੇਟ
11. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
12. ਸ. ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.
13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ। ਉਨ੍ਹਾਂ ਸਿੰਡੀਕੇਟ ਦੀ ਇੱਕਤਰਤਾ ਵਿਚ ਪਹਿਲੀ ਵਾਰ ਆਏ ਨਵੇਂ ਮੈਂਬਰ ਸਾਹਿਬਾਨ - ਡਾ. ਐਸ.ਐਸ. ਸੇਖੋਂ, ਡਾ. ਪਰਮਿੰਦਰ ਸਿੰਘ ਅਤੇ ਡਾ. ਤੇਜਿੰਦਰ ਕੌਰ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 12.3.2010 ਦੀ ਕਾਰਵਾਈ ਦੀ ਪੁਸ਼ਟੀ ।**

1. ਮਿਤੀ 12.3.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 12.3.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 12.3.2010 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 12.3.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਯੂਨੀਵਰਸਿਟੀ ਕਰਮਚਾਰੀਆਂ ਦੇ ਕੰਟ੍ਰੀਬਿਊਟਰੀ /ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉੱਤੇ ਵਿਆਜ ਦੀ ਪਰਵਾਨਗੀ।**

3. ਯੂਨੀਵਰਸਿਟੀ ਕਰਮਚਾਰੀਆਂ ਨੂੰ ਵਿਤੀ ਸਾਲ 2009-10 ਵਾਸਤੇ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕੰਟ੍ਰੀਬਿਊਟਰੀ /ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉੱਤੇ 9.60 ਸਲਾਨਾ ਦਰ ਨਾਲ ਵਿਆਜ ਦੇਣ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:-ਵਿਤੀ ਸਾਲ 2009-10 ਦੌਰਾਨ ਕੰਟ੍ਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਸਬੰਧੀ ਕੁੱਲ ਲਾਇਬਿਲਟੀ ਅਤੇ ਪ੍ਰਾਪਤ ਹੋਣ ਵਾਲੇ ਵਿਆਜ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਵਿਆਜ ਦੀ ਦਰ:

$$\frac{\text{ਕੁਲ ਵਿਆਜ} \times 100}{\text{ਕੁਲ ਲਾਇਬਿਲਟੀ}} = \frac{6,79,20,986 \times 100}{71,10,42,145} = 9.55\%$$

ਸਾਲ 2008-09 ਵਿਚ ਰਾਖਵੀਂ ਰੱਖੀ ਵਿਆਜ ਦਰ = 0.06%

ਕੁਲ ਜੋੜ = 9.61%

ਬਣਦੇ ਵਿਆਜ ਦੀ ਦਰ ਅਨੁਸਾਰ 9.60 ਦਾ ਸਲਾਨਾ ਵਿਆਜ ਦੇਣ ਉਪਰੰਤ ਬਾਕੀ ਬਣਦੀ 0.01% ਦੀ ਰਾਸ਼ੀ ਰਾਖਵੀਂ ਰੱਖ ਲਈ ਜਾਵੇਗੀ।

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਨੂੰ ਵਿਤੀ ਸਾਲ 2009-10 ਵਾਸਤੇ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕੰਟ੍ਰੀਬਿਊਟਰੀ /ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉੱਤੇ 9.60 ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਵਿਭਾਗਾਂ ਦੇ ਮੁਖੀ ਵਜੋਂ ਨਿਯੁਕਤੀ ਸਬੰਧੀ।**

4. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਵੇ:-

| ਕ੍ਰਮ ਨੰ: | ਨਾਮ ਅਤੇ ਅਹੁਦਾ | ਵਿਭਾਗ | ਮੁਖੀ ਵਜੋਂ ਨਿਯੁਕਤੀ ਦਾ ਸਮਾਂ |
|---|---|---|---|
| 1. | ਡਾ. ਸੁਖਦੇਵ ਸਿੰਘ ਸੋਹਲ, ਪ੍ਰੋਫੈਸਰ | ਹਿਸਟਰੀ | 1.7.2010 ਤੋਂ ਤਿੰਨ ਸਾਲ |
| 2. | ਡਾ. ਜਸਵੀਰ ਸਿੰਘ, ਪ੍ਰੋਫੈਸਰ | ਇਲੈਕਟ੍ਰੋਨਿਕਸ ਤੇ ਟੈਕਨਾਲੋਜੀ | - ਉਹੀ - |
| 3. | ਡਾ. ਲਖਵੰਤ ਸਿੰਘ, ਪ੍ਰੋਫੈਸਰ | ਫਿਜਿਕਸ | - ਉਹੀ - |
| 4. | ਡਾ. ਜਸਵਿੰਦਰ ਸਿੰਘ, ਰੀਡਰ | ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ | - ਉਹੀ - |

**ਪਾਸ ਹੋਇਆ** ਕਿ ਉਕਤ ਕ੍ਰਮ ਨੰ: 1,3 ਅਤੇ 4 ਨਾਲ ਸਬੰਧਤ ਵਿਭਾਗਾਂ ਦੇ ਮੁਖੀਆਂ ਦੀ ਨਿਯੁਕਤੀ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ। ਕ੍ਰਮ ਨੰ: 2 ਨਾਲ ਸਬੰਧਤ ਵਿਭਾਗ(ਇਲੈਕਟ੍ਰੋਨਿਕਸ ਤੇ ਟੈਕਨਾਲੋਜੀ) ਦੇ ਮੁਖੀ ਦੀ ਨਿਯੁਕਤੀ ਸਬੰਧੀ, ਮੱਦ ਨੰ: 61 ਨਾਲ ਪੜੀ ਗਈ।

**ਸਬੰਧਤ ਅਧਿਆਪਕਾਂ ਨੂੰ ਆਫੀਸ਼ੀਏਟਿੰਗ ਚਾਰਜ ਦੇਣ ਸਬੰਧੀ ਆਦੇਸ਼ਾਂ ਦੀ ਸੋਧ ਸਹਿਤ ਪੁਸ਼ਟੀ।**

5. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਈਆਂ ਅਸਾਮੀਆਂ ਦਾ ਮਿਤੀ 1.7.2009 ਤੋਂ ਅਗਲੇ ਆਦੇਸ਼ਾਂ ਤੱਕ ਆਫੀਸ਼ੀਏਟਿੰਗ ਚਾਰਜ ਦਿੱਤਾ ਹੈ:-

| | | |
|---|---|---|
| 1. | ਪ੍ਰੋਫੈਸਰ ਆਰ.ਕੇ. ਬੇਦੀ ਫਿਜੀਕਸ ਵਿਭਾਗ | ਪ੍ਰੋਫੈਸਰ ਇੰਚਾਰਜ਼ (ਪ੍ਰੀਖਿਆਵਾਂ) |
| 2. | ਪ੍ਰੋਫੈਸਰ ਐਮ.ਐਸ. ਹੁੰਦਲ ਕਮਿਸਟਰੀ ਵਿਭਾਗ | ਡੀਨ, ਕਾਲਜ ਵਿਕਾਸ ਕੌਂਸਲ |
| 3. | ਪ੍ਰੋਫੈਸਰ ਪਰਮਜੀਤ ਸਿੰਘ ਸਿੱਧੂ ਪੰਜਾਬੀ ਅਧਿਐਨ ਸਕੂਲ | ਡਾਇਰੈਕਟਰ, ਡਿਸਟੈਂਸ ਐਜੂਕੇਸ਼ਨ |

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਕ੍ਰਮ ਨੰ: 3 ਉੱਤੇ ਪ੍ਰੋਫੈਸਰ ਪਰਮਜੀਤ ਸਿੰਘ ਸਿੱਧੂ, ਪੰਜਾਬੀ ਅਧਿਐਨ ਸਕੂਲ ਨੇ ਮਿਤੀ 1.7.2009 ਤੋਂ 2.11.2009 ਤੱਕ ਡਾਇਰੈਕਟਰ ਡਿਸਟੈਂਸ ਐਜੂਕੇਸ਼ਨ ਦੇ ਅਹੁਦੇ ਦਾ ਚਾਰਜ ਨਿਭਾਇਆ ਹੈ।

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਇਸ ਸੋਧ ਸਹਿਤ ਕੀਤੀ ਜਾਂਦੀ ਹੈ ਕਿ ਉਕਤ ਕ੍ਰਮ ਨੰ: 1 ਅਤੇ 2 (ਪ੍ਰੋਫੈਸਰ ਆਰ.ਕੇ. ਬੇਦੀ ਅਤੇ ਪ੍ਰੋਫੈਸਰ ਐਮ.ਐਸ. ਹੁੰਦਲ) ਨੂੰ, ਉਨ੍ਹਾਂ ਅੱਗੇ ਦਰਸਾਈਆਂ ਅਸਾਮੀਆਂ ਦਾ ਮਿਤੀ 1.7.2009 ਤੋਂ 31.3.2011 ਤੱਕ ਆਫੀਸ਼ੀਏਟਿੰਗ ਚਾਰਜ ਦਿੱਤਾ ਜਾਂਦਾ ਹੈ।

**ਲੈਫ. ਕਰਨਲ (ਰਿਟਾ.) ਸ. ਹਰਬੰਸ ਸਿੰਘ, ਸੁਰੱਖਿਆ ਅਫਸਰ ਦੀ ਬਝਵੀਂ ਤਨਖਾਹ ਨਿਸ਼ਚਿਤ ਕਰਨ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਦੇ ਪੈਰਾ 48 ਰਾਹੀਂ ਇਸ ਯੂਨੀਵਰਸਿਟੀ ਵਿਖੇ ਸੁਰੱਖਿਆ ਅਫਸਰ ਵਜੋਂ ਨਿਯੁਕਤ ਲੈਫ. ਕਰਨਲ (ਰਿਟਾ.) ਸ. ਹਰਬੰਸ ਸਿੰਘ ਦੀ ਹਾਜਰ ਹੋਣ ਦੀ ਮਿਤੀ ਤੋਂ 27000/-

ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਨਿਸ਼ਚਿਤ ਕਰਨ ਦੀ ਪਰਵਾਨਗੀ ਦਿੱਤੀ ਹੈ।

ਸਬੰਧਤ ਅਧਿਕਾਰੀਆਂ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਰਿਤੂ ਰਾਜ ਕਪੂਰ, ਜਿਮਨਾਸਟਿਕ ਕੋਚ, ਸਪੋਰਟਸ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 31.3.2010 ਤੋਂ ਤਿੰਨ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ਅ) ਸ੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਯੂਨੀਵਰਸਿਟੀ ਦੇ ਇੰਜੀਨੀਰਿੰਗ ਵਿਭਾਗ ਵਿਖੇ ਤਕਨੀਕੀ ਸਲਾਹਕਾਰ ਅਤੇ ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 16.3.2010 ਤੋਂ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

(ੲ) ਫਿਜੀਕਲ ਐਜੂਕੇਸ਼ਨ ਵਿਭਾਗ ਵਿਖੇ ਹੇਠ ਲਿਖੇ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 6.5.2010 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 7.5.2010 ਤੋਂ 25.7.2010 ਤੱਕ 80 ਦਿਨਾਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ. ਬਲਦੇਵ ਸਿੰਘ, ਸਵੀਮਿੰਗ ਕੋਚ
2. ਸ. ਜਗਦੀਪ ਸਿੰਘ, ਵਾਲੀਬਾਲ ਕੋਚ
3. ਸ. ਲਖਵੀਰ ਸਿੰਘ, ਕੱਬਡੀ/ਖੋ-ਖੋ/ਰੈਸਲਿੰਗ ਕੋਚ

ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਨਿਯੁਕਤੀ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਯੂਨੀਵਰਸਿਟੀ ਬੈਂਕ ਅਕਾਊਂਟਸ ਅਤੇ ਵਿਆਜ ਆਦਿ ਸਬੰਧੀ ਕੇਸਾਂ ਨੂੰ ਡੀਲ ਕਰਨ ਲਈ ਸ. ਪਰਮਜੀਤ ਸਿੰਘ ਖਹਿਰਾ (ਪੰਜਾਬ ਐਂਡ ਸਿੰਧ ਬੈਂਕ ਤੋਂ ਰਿਟਾਇਰਡ) ਨੂੰ ਮਿਤੀ 15.4.2010 ਤੋਂ 15000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ 11 ਮਹੀਨੇ ਲਈ ਆਫੀਸਰ ਆਨ ਸਪੈਸ਼ਲ ਡਿਊਟੀ (ਅਕਾਊਂਟਸ) ਵਜੋਂ ਨਿਯੁਕਤ ਕੀਤਾ ਹੈ।

(ਅ) ਸ. ਸੀਤਲ ਸਿੰਘ (ਸਾਬਕਾ ਸਹਾਇਕ ਰਜਿਸਟਰਾਰ) ਨੂੰ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਹਾਜਰ ਹੋਣ ਦੀ ਮਿਤੀ ਤੋਂ 11000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ 11 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਨਿਗਰਾਨ ਵਜੋਂ ਨਿਯੁਕਤ ਕੀਤਾ ਹੈ।

(ੲ) ਸ੍ਰੀ ਬਲਬੀਰ ਸਿੰਘ, ਫੋਰਮੈਨ(ਮਕੈਨੀਕਲ), ਉਸਾਰੀ ਵਿਭਾਗ ਨੂੰ ਮਿਤੀ 31.3.2010 ਨੂੰ ਸੇਵਾ-ਮੁਕਤ ਹੋਣ ਉਪਰੰਤ 10000/- ਰੁਪਏ ਮਾਸਿਕ ਬੱਝਵੀਂ ਤਨਖਾਹ ਤੇ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਫੋਰਮੈਨ(ਮਕੈਨੀਕਲ) ਵਜੋਂ ਕੰਟ੍ਰੈਕਟ ਅਧਾਰ ਤੇ ਮੁੜ ਨਿਯੁਕਤ ਕੀਤਾ ਹੈ।

ਮਿਸਿਜ਼ ਸ਼ਿਵਾਨੀ ਰਸਵਾਨ, ਲੈਕਚਰਾਰ ਲਾਅ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਅਸਾਮੀ ਖਾਲੀ ਘੋਸ਼ਿਤ ਕਰਨ ਦੀ

9. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਮਿਸਿਜ਼ ਸ਼ਿਵਾਨੀ ਰਸਵਾਨ, ਲੈਕਚਰਾਰ, ਲਾਅ ਵਿਭਾਗ, ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 52 ਉੱਤੇ ਸਟੈਚਿਊਟ 74 ਅਧੀਨ ਡਿਊਟੀ ਤੋਂ ਗੈਰ-ਹਾਜਰ ਰਹਿਣ ਕਾਰਨ ਮਿਤੀ 1.2.2010 ਤੋਂ ਉਸ ਦੀ ਅਸਾਮੀ ਖਾਲੀ ਘੋਸ਼ਿਤ ਕੀਤੀ

ਪ੍ਰਸ਼ਟੀ।

ਹੈ।

ਉਸ ਕੋਲੋਂ ਨੋਟਿਸ ਸਮੇਂ ਬਦਲੇ ਬਣਦੀ ਤਿੰਨ ਮਹੀਨੇ ਦੀ ਤਨਖਾਹ ਵਸੂਲ ਕੀਤੀ ਜਾਵੇਗੀ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ 1:- ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 52 ਉੱਤੇ ਸਟੈਚਿਊਟ 74 ਹੇਠ ਲਿਖੇ ਅਨੁਸਾਰ ਹੈ:-

"74. If the employee remains absent without leave or overstays his leave, he shall forfeit all his salary for the time of his absence; and if he remains absent without leave or overstays his leave for more than one week his office shall be declared vacant and he shall be liable to pay an amount equivalent to his salary, in lieu of notice for the prescribed period. However, the competent authority may grant exemption from such recovery on the merits of the case."

ਨੋਟ 2:-ਮਿਸਿਜ਼ ਸ਼ਿਵਾਨੀ ਰਸਵਾਨ, ਲੈਕਚਰਾਰ ਲਾਅ ਵਿਭਾਗ, ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਉਸ ਦੇ ਪਤੀ ਦੇ ਬਿਮਾਰ ਹੋਣ ਕਾਰਣ ਮਿਤੀ 15.4.2009 ਤੋਂ 5.5.2009 ਤੱਕ ਕਮਾਈ ਛੁੱਟੀ ਪਰਦਾਨ ਕੀਤੀ ਗਈ ਸੀ। ਉਪਰੰਤ ਉਸਨੂੰ ਮਿਤੀ 6.5.2009 ਤੋਂ 31.12.2009 ਤੱਕ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਪਰਦਾਨ ਕੀਤੀ ਗਈ। ਦਫਤਰ ਦੇ ਪੱਤਰ ਨੰ: 1391-93/Estt.A.1 ਮਿਤੀ 25.1.2010 ਰਾਹੀਂ ਮਿਤੀ 1.1.2010 ਤੋਂ 31.1.2010 ਤੱਕ ਉਸ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਵਿਚ ਹੋਰ ਵਾਧਾ ਪਰਦਾਨ ਕੀਤਾ ਗਿਆ। ਉਸ ਨੂੰ ਛੁੱਟੀ ਖਤਮ ਹੋਣ ਉਪਰੰਤ ਡਿਊਟੀ ਤੇ ਹਾਜਰ ਹੋਣ ਦੀ ਹਿਦਾਇਤ ਵੀ ਕੀਤੀ ਗਈ। ਡਿਊਟੀ ਤੇ ਹਾਜਰ ਨਾ ਹੋਣ ਕਾਰਣ ਦਫਤਰ ਦੇ ਪੱਤਰ ਨੰ: 3103/Estt. ਮਿਤੀ 18.2.2010 ਰਾਹੀਂ ਉਸਨੂੰ ਪੱਤਰ ਜਾਰੀ ਹੋਣ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਡਿਊਟੀ ਤੇ ਹਾਜਰ ਹੋਣ ਦੀ ਹਿਦਾਇਤ ਕੀਤੀ ਗਈ ਅਤੇ ਇਹ ਵੀ ਸੂਚਿਤ ਕੀਤਾ ਗਿਆ ਕਿ ਹਾਜਰ-ਡਿਊਟੀ ਨਾ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਉਸ ਦੀ ਅਸਾਮੀ ਖਾਲੀ ਘੋਸ਼ਿਤ ਕਰ ਦਿੱਤੀ ਜਾਵੇਗੀ। ਪ੍ਰੰਤੂ ਉਹ ਡਿਊਟੀ ਉੱਤੇ ਹਾਜ਼ਰ ਨਹੀਂ ਹੋਈ।

**ਪਾਸ ਹੋਇਆ** ਕਿ ਵਾਈਸ ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪ੍ਰਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸਿਜ਼ ਸ਼ਿਵਾਨੀ ਰਸਵਾਨ, ਲੈਕਚਰਾਰ, ਲਾਅ ਵਿਭਾਗ, ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 52 ਉੱਤੇ ਸਟੈਚਿਊਟ 74 ਅਧੀਨ ਡਿਊਟੀ ਤੋਂ ਗੈਰ-ਹਾਜਰ ਰਹਿਣ ਕਾਰਣ ਮਿਤੀ 1.2.2010 ਤੋਂ ਉਸ ਦੀ ਅਸਾਮੀ ਖਾਲੀ ਘੋਸ਼ਿਤ ਕੀਤੀ ਹੈ। ਉਸ ਕੋਲੋਂ ਨੋਟਿਸ ਸਮੇਂ ਬਦਲੇ ਬਣਦੀ ਤਿੰਨ ਮਹੀਨੇ ਦੀ ਤਨਖਾਹ ਵਸੂਲ ਕੀਤੀ ਜਾਵੇਗੀ।

**ਪ੍ਰਿੰਸੀਪਲ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਅਸਾਮੀ ਲਈ**

10. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪ੍ਰਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਹੇਠ ਲਿਖੀਆਂ

ਯੋਗਤਾਵਾਂ ਦੀ ਸੋਧ ਸਹਿਤ ਪੁਸ਼ਟੀ।

ਯੋਗਤਾਵਾਂ ਨਿਰਧਾਰਤ ਕੀਤੀਆਂ ਹਨ:-

1. M.A./M.Sc./M.Com. 2nd division and B.Ed. or equivalent qualifications.
2. 8 years teaching experience in Aided/Govt. School.
3. Punjabi up to Matric standard is essential.

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਉਕਤ ਅਸਾਮੀ ਦਾ ਇਸ਼ਤਿਹਾਰ ਨੰ: 1/2010 ਰਾਹੀਂ ਪਹਿਲੀ ਵਾਰ ਦਿੱਤਾ ਗਿਆ ਹੈ। ਇਸ ਲਈ ਇਸ ਅਸਾਮੀ ਦੀਆਂ ਯੋਗਤਾਵਾਂ ਨਿਰਧਾਰਤ ਨਹੀਂ ਹਨ। ਪੰਜਾਬ ਵਿਚ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਉਕਤ ਯੋਗਤਾਵਾਂ ਅਨੁਸਾਰ ਭਰੀਆਂ ਜਾਂਦੀਆਂ ਹਨ।ਇਸ ਇਸ਼ਤਿਹਾਰ ਵਿਚ ਹੇਠ ਲਿਖਿਆ ਨੋਟ ਵੀ ਸ਼ਾਮਲ ਕੀਤਾ ਗਿਆ ਹੈ:-

**Note:-** Retired persons below the age of 65 years can also be considered for contractual appointment.

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਇਸ ਸੋਧ ਸਹਿਤ ਕੀਤੀ ਜਾਂਦੀ ਹੈ ਕਿ ਕ੍ਰਮ ਨੰ: 1 ਵਿਚ ਯੋਗਤਾ ਹੇਠ ਲਿਖੇ ਅਨੁਸਾਰ ਪੜੀ ਜਾਵੇ:-

1. M.A./M.Sc./M.Com. 2nd division and B.Ed. IInd division or equivalent qualifications.

ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਵਿਖੇ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਅਤੇ ਸੇਵਾਫਲ ਵਿਚ ਵਾਧੇ ਦੀ ਪਰਵਾਨਗੀ।

11. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਨੂੰ ਯੂਨੀਵਰਸਿਟੀ ਵਿਖੇ ਆਮਦਨ ਕਰ ਸਲਾਹਕਾਰ ਵਜੋਂ ਮਿਤੀ 1.4.2010 ਤੋਂ 31.3.2011 ਤੱਕ ਮੁੜ ਨਿਯੁਕਤ ਕੀਤਾ ਜਾਂਦਾ ਹੈ ਅਤੇ ਮਹਿੰਗਾਈ ਵੱਧ ਜਾਣ ਕਾਰਣ ਉਨ੍ਹਾਂ ਨੂੰ ਪਹਿਲਾਂ ਪਰਵਾਨਤ ਮਾਨ-ਭੱਤਾ 2000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 2500/- ਰੁਪਏ ਪ੍ਰਤੀ ਮਹੀਨਾ ਕੀਤਾ ਜਾਂਦਾ ਹੈ।

ਸ. ਸਤਬੀਰ ਸਿੰਘ, ਲੈਕਚਰਾਰ, ਇਲੈਕਟ੍ਰੋਨਿਕਸ ਟੈਕਨਾਲੋਜੀ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਸੇਵਾ ਨੂੰ ਅਜਮਾਇਸ਼ੀ ਸਮੇਂ ਤੇ ਕਰਨ ਦੀ ਪਰਵਾਨਗੀ।

12. ਸ. ਸਤਬੀਰ ਸਿੰਘ, ਲੈਕਚਰਾਰ, ਇਲੈਕਟ੍ਰੋਨਿਕਸ ਟੈਕਨਾਲੋਜੀ, ਰਿਜਨਲ ਕੈਂਪਸ, ਗੁਰਦਾਸਪੁਰ ਜਿਸ ਨੂੰ ਚੋਣ-ਕਮੇਟੀ ਦੀ ਸਿਫਾਰਸ਼ ਅਨੁਸਾਰ ਸਿੰਡੀਕੇਟ ਇੱਕਤਰਤਾ ਮਿਤੀ 16.7.2004 ਦੇ ਪੈਰਾ 36 ਰਾਹੀਂ ਟੈਂਪਰੇਰੀ ਅਧਾਰ ਤੇ ਲੈਕਚਰਾਰ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ ਜੋ ਇਸ ਸਮੇਂ ਪੱਕੀ ਅਸਾਮੀ ਵਿਰੁੱਧ ਕੰਮ ਕਰ ਰਹੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 30 ਤੇ ਵਰਣਿਤ ਸਟੈਚਿਊਟ 31.1 ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀਆਂ ਸੇਵਾਵਾਂ ਅਜਮਾਇਸ਼ੀ ਸਮੇਂ ਤੇ ਕਰਨ ‘ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 30 ਤੇ ਅੰਕਿਤ ਸਟੈਚਿਊਟ 31.1 ਹੇਠ ਲਿਖੇ ਅਨੁਸਾਰ ਹੈ:-

" 31.1 Except, when otherwise provided in the Act or Statutes or in the special terms of appointment on fixed tenure or contract or deputation which will be

governed by the terms of that contract or deputation, all employees of the University shall on appointment to any service of the University remain on probation for a period of one year which period may be extended or reduced by the competent authority. Provided that this provision shall not apply to such employees as are on foreign service with the University.

The period of temporary appointment of a person who is subsequently appointed in a substantive capacity shall be counted towards his probationary period."

ਉਪਰੋਕਤ ਸਟੈਚਿਊਟ ਅਧੀਨ ਸਾਰੇ ਕਰਮਚਾਰੀਆਂ ਦੀ ਨਿਯੁਕਤੀ ਇਕ ਸਾਲ ਲਈ ਅਜਮਾਇਸ਼ੀ ਸਮੇਂ ਤੇ ਕੀਤੀ ਜਾਂਦੀ ਹੈ ਅਤੇ ਇਹ ਸਮਾਂ ਸਮੱਰਥ ਅਧਿਕਾਰੀ ਵਲੋਂ ਵਧਾਇਆ ਵੀ ਜਾ ਸਕਦਾ ਹੈ। ਕਿਸੇ ਕਰਮਚਾਰੀ ਦੀ ਟੈਂਪਰੇਰੀ ਨਿਯੁਕਤੀ ਦੇ ਸਮੇਂ ਨੂੰ ਅਜਮਾਇਸ਼ੀ ਸਮੇਂ ਵਾਸਤੇ ਗਿਣਿਆ ਜਾ ਸਕਦਾ ਹੈ, ਜੇਕਰ ਉਸ ਦੀ ਨਿਯੁਕਤੀ ਬਾਅਦ ਵਿਚ ਪੱਕੀ ਅਸਾਮੀ ਵਿਰੁੱਧ ਹੋ ਜਾਂਦੀ ਹੈ। ਸ. ਸਤਬੀਰ ਸਿੰਘ ਦੀ ਬਤੌਰ ਲੈਕਚਰਾਰ ਇਲੈਕਟ੍ਰੋਨਿਕਸ ਟੈਕਨਾਲੋਜੀ, ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਨਿਯੁਕਤੀ ਭਾਵੇਂ ਟੈਂਪਰੇਰੀ ਬੇਸਿਜ਼ ਤੇ ਹੋਈ ਸੀ, ਪ੍ਰੰਤੂ ਉਹ ਇਸ ਵੇਲੇ ਪੱਕੀ ਅਸਾਮੀ ਵਿਰੁੱਧ ਕੰਮ ਕਰ ਰਹੇ ਹਨ। ਉਹ ਮਿਤੀ 27.7.2004 ਤੋਂ ਬਤੌਰ ਲੈਕਚਰਾਰ ਸੇਵਾ ਨਿਭਾ ਰਹੇ ਹਨ ਅਤੇ ਉਨ੍ਹਾਂ ਨੂੰ ਟੈਂਪਰੇਰੀ ਅਧਾਰ ਤੇ ਕੰਮ ਕਰਦਿਆਂ ਪੰਜ ਸਾਲ ਤੋਂ ਵਧੀਕ ਸਮਾਂ ਹੋ ਚੁੱਕਾ ਹੈ।

**ਪਾਸ ਹੋਇਆ** ਕਿ ਸ. ਸਤਬੀਰ ਸਿੰਘ, ਲੈਕਚਰਾਰ, ਇਲੈਕਟ੍ਰੋਨਿਕਸ ਟੈਕਨਾਲੋਜੀ, ਰਿਜਨਲ ਕੈਂਪਸ, ਗੁਰਦਾਸਪੁਰ ਜਿਸ ਨੂੰ ਚੋਣ-ਕਮੇਟੀ ਦੀ ਸਿਫਾਰਸ਼ ਅਨੁਸਾਰ ਸਿੰਡੀਕੇਟ ਇੱਕਤਰਤਾ ਮਿਤੀ 16.7.2004 ਦੇ ਪੈਰਾ 36 ਰਾਹੀਂ ਟੈਂਪਰੇਰੀ ਅਧਾਰ ਤੇ ਲੈਕਚਰਾਰ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ ਜੋ ਇਸ ਸਮੇਂ ਪੱਕੀ ਅਸਾਮੀ ਵਿਰੁੱਧ ਕੰਮ ਕਰ ਰਹੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 30 ਤੇ ਵਰਣਿਤ ਸਟੈਚਿਊਟ 31.1 ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀਆਂ ਸੇਵਾਵਾਂ ਅਜਮਾਇਸ਼ੀ ਸਮੇਂ ਤੇ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਟੈਨੋ-ਟਾਈਪਿਸਟ ਤੋਂ ਸਟੈਨੋ-ਗ੍ਰਾਫਰ ਦੀ ਪੱਦ-ਉੱਨਤੀ ਲਈ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ, ਭਾਗ ਬੀ ਦੇ ਪੰਨਾ 181 ਤੇ ਅੰਕਿਤ ਚੈਪਟਰ II(i) Recruitment/Promotion/ Selection to different Posts ਅਧੀਨ ਸਟੈਨੋ-ਟਾਈਪਿਸਟਾਂ ਤੋਂ ਸਟੈਨੋ-ਗ੍ਰਾਫਰ ਦੀ ਪੱਦ-ਉੱਨਤੀ ਲਈ ਵਰਤਮਾਨ ਵਿਵਸਥਾ ਤੇ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 5.3.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ ਨੂੰ ਮੁੜ ਡੈਪੂਟੇਸ਼ਨ ਤੇ ਜਾਣ ਲਈ 2 ਸਾਲ ਦੀ ਸੇਵਾ

14. ਆਡਿਟ ਇਤਰਾਜ ਦੀ ਪੂਰਤੀ ਲਈ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 29.1.2008 ਦੇ ਪੈਰਾ 88 ਰਾਹੀਂ ਅੰਮ੍ਰਿਤਸਰ

ਕਰਨ ਦੀ ਛੋਟ ਦੇਣ ਦੀ ਪਰਵਾਨਗੀ।

ਕਾਲਜ ਆਫ ਇੰਜੀਨੀਰਿੰਗ ਤੇ ਟੈਕਨਾਲੋਜੀ, ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਵਜੋਂ ਜਾਇਨ ਕਰਨ ਹਿਤ ਮਿਤੀ 1.3.2008 ਤੋਂ ਦੋ ਸਾਲ ਲਈ ਡੈਪੂਟੇਸ਼ਨ ਤੇ ਜਾਣ ਦੀ ਪਰਵਾਨਗੀ ਦਿੱਤੀ ਗਈ ਸੀ, ਵਲੋਂ ਡੈਪੂਟੇਸ਼ਨ ਤੋਂ ਪਰਤ ਕੇ ਮਿਤੀ 23.12.2008 ਨੂੰ ਇਸ ਯੂਨੀਵਰਸਿਟੀ ਵਿਖੇ ਜਾਇਨ ਕਰ ਲਿਆ ਗਿਆ, ਨੂੰ ਡੈਪੂਟੇਸ਼ਨ ਤੋਂ ਪਰਤ ਕੇ ਇਸ ਯੂਨੀਵਰਸਿਟੀ ਵਿਖੇ 2 ਸਾਲ ਦੀ ਸੇਵਾ ਕਰਨ ਦੀ ਸ਼ਰਤ ਸਬੰਧੀ ਪੰਜਾਬ ਸਿਵਲ ਸਰਵਿਸਿਜ਼ ਭਾਗ ਪਹਿਲਾ ਦੇ ਨਿਯਮ 10.29 ਅਧੀਨ ਛੋਟ ਦੇਣ ਲਈ Ex Post Facto ਪਰਵਾਨਗੀ ਦਿੱਤੀ ਜਾਂਦੀ ਹੈ, ਕਿਉਂਜੋ ਉਨ੍ਹਾਂ ਨੂੰ ਦੁਬਾਰਾ ਮਿਤੀ 24.12.2008 ਤੋਂ ਤਿੰਨ ਸਾਲ ਲਈ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਵਾਈਸ-ਚਾਂਸਲਰ ਵਜੋਂ ਜਾਇਨ ਕਰਨ ਹਿਤ ਡੈਪੂਟੇਸ਼ਨ 'ਤੇ ਭੇਜਣ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 23.2.2009 ਦੇ ਪੈਰਾ 26 ਰਾਹੀਂ ਪਰਵਾਨਗੀ ਦਿੱਤੀ ਗਈ ਸੀ।

ਇਹ ਨੋਟ ਕੀਤਾ ਕਿ ਡਾ. ਰਜਨੀਸ਼ ਅਰੋੜਾ ਦੇ ਕੇਸ ਸਬੰਧੀ ਵਿਸਥਾਰ ਸਹਿਤ ਦਫਤਰੀ ਨੋਟ **ਅੰਤਿਕਾ** ਵਿਚ ਦਰਜ ਹੈ।

ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਵਿਖੇ ਫਿਜ਼ੀਓਥਰਾਪਿਸਟ ਦੀ ਅਸਾਮੀ ਲਈ ਯੋਗਤਾਵਾਂ ਦੀ ਪਰਵਾਨਗੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਵਿਖੇ ਫਿਜ਼ੀਓਥਰਾਪਿਸਟ ਦੀ ਅਸਾਮੀ ਲਈ ਯੋਗਤਾਵਾਂ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 16.3.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਆਰਕੀਟੈਕਚਰ ਵਿਭਾਗ ਵਿਖੇ ਜੂਨੀਅਰ ਟੈਕਨੀਸ਼ੀਅਨ ਦੀ ਅਸਾਮੀ ਲਈ ਯੋਗਤਾਵਾਂ ਦੀ ਪਰਵਾਨਗੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਰਕੀਟੈਕਚਰ ਵਿਭਾਗ ਵਿਖੇ ਜੂਨੀਅਰ ਟੈਕਨੀਸ਼ੀਅਨ ਦੀ ਅਸਾਮੀ ਦੀ ਭਰਤੀ ਲਈ ਯੋਗਤਾਵਾਂ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 16.3.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵੱਖ-ਵੱਖ ਕੋਰਸਾਂ ਦੇ ਅਧਿਆਦੇਸ਼ਾਂ/ਯੋਗਤਾ ਸਬੰਧੀ।

17. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ-

(ੳ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵਲੋਂ ਸੈਸ਼ਨ 2010-11 ਤੋਂ ਪੀ.ਜੀ. ਡਿਪਲੋਮਾ ਇਨ ਸਾਈਬਰ ਲਾਅ ਐਂਡ ਇਨਫਰਮੇਸ਼ਨ ਸਕਿਓਰਟੀ ਲਈ ਸੁਝਾਏ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ।

(ਅ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵਲੋਂ ਸੈਸ਼ਨ 2010-11 ਤੋਂ ਬੀ.ਪੀ.ਐਡ. ਅਤੇ ਐਮ.ਪੀ.ਐਡ. ਕੋਰਸਾਂ ਵਿਚ ਦਾਖਲੇ ਸਬੰਧੀ ਖੇਡ ਯੋਗਤਾ ਵਿਚ **ਅੰਤਿਕਾ** ਅਨੁਸਾਰ ਸੋਧ ਕੀਤੀ ਜਾਵੇ।

(ੲ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ ਫੈਕਲਟੀ ਵਲੋਂ ਸੈਸ਼ਨ 2010-11 ਤੋਂ ਸੁਝਾਈ ਐਮ.ਐਸ.ਸੀ. (ਆਨਰਜ਼) ਹਿਊਮਨ ਜੈਨੇਟਿਕਸ ਦੀ ਹੇਠ ਲਿਖੀ ਯੋਗਤਾ ਸ਼ਰਤ ਲਾਗੂ ਕੀਤੀ ਜਾਵੇ:-

"The candidate having passed B.Sc. degree (10+2+3 system

of education) in any science subject (any combination) with at least 50% marks in aggregate from Guru Nanak Dev University, M.B.B.S., B.D.S., or any other examination recognized equivalent thereto by the University."

(ਸ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵਲੋਂ ਸੈਸ਼ਨ 2010-11 ਤੋਂ ਸੁਝਾਈ ਐਮ.ਐਸ.ਸੀ. (ਆਨਰਜ਼) ਮੈਥੇਮੈਟਿਕਸ ਦੀ ਹੇਠ ਲਿਖੀ ਯੋਗਤਾ ਸ਼ਰਤ ਲਾਗੂ ਕੀਤੀ ਜਾਵੇ:-

"B.A. /B.Sc. with Hons. in Mathematics or B.A. /B.Sc. (pass course) with mathematics as one of the elective subject; at least 50% marks in aggregate and with at least 55% marks in Mathematics subject."

(ਹ) ਸਬੰਧਤ ਬੋਰਡ ਆਫ ਕੰਟਰੋਲ ਦੇ ਸੁਝਾਅ ਅਨੁਸਾਰ ਸੈਸ਼ਨ 2010-11 ਤੋਂ ਪੀ.ਜੀ. ਡਿਪਲੋਮਾ ਇਨ ਮੈਂਟਲ ਹੈਲਥ ਕੌਂਸਲਿੰਗ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ।

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀਆਂ ਉਕਤ ਸਿਫਾਰਸ਼ਾਂ ਸਬ-ਪੈਰਾ (ਸ) ਅਧੀਨ ਹੇਠ ਲਿਖੀ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ:-

"B.A. /B.Sc. with Hons. in Mathematics or B.A. /B.Sc. with mathematics as one of the elective subject; at least 50% marks in aggregate and with at least 55% marks in Mathematics subject."

ਉਸਾਰੀ ਵਿਭਾਗ ਵਿਖੇ ਨਕਾਰਾ ਅਤੇ ਨਾ-ਵਰਤੋਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਸਾਰੀ ਵਿਭਾਗ ਵਿਖੇ 403796/- ਰੁਪਏ ਕੀਮਤ ਦਾ ਨਕਾਰਾ ਅਤੇ ਨਾ-ਵਰਤੋਂਯੋਗ ਸਮਾਨ ਨੂੰ ਯੂਨੀਵਰਸਿਟੀ ਕੈਲੰਡਰ 1999, ਜਿਲਦ ਪਹਿਲੀ ਦੇ ਪੰਨਾ 124 ਉੱਤੇ ਸਟੈਚਿਊਟ 26(b) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 8.4.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਖਿਡਾਰੀਆਂ ਦੇ ਰਿਫਰੈਸ਼ਮੈਂਟ ਦੇ ਦਰਾਂ ਵਿਚ ਸੋਧ ਸਹਿਤ ਵਾਧਾ।

19. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਯੂਨੀਵਰਸਿਟੀ ਕੈਂਪਸ ਦੇ ਵਿਦਿਆਰਥੀਆਂ ਲਈ ਅੰਤਰ-ਕਾਲਜ ਖੇਡ ਮੁਕਾਬਲਿਆਂ ਵਿਚ ਖਿਡਾਰੀਆਂ ਦੇ ਰਿਫਰੈਸ਼ਮੈਂਟ ਦਰਾਂ ਵਿਚ 25/- ਰੁਪਏ ਤੋਂ 35/- ਰੁਪਏ ਅਤੇ ਅੰਤਰ-ਵਿਭਾਗੀ ਖੇਡ ਮੁਕਾਬਲਿਆਂ ਦੇ ਸੈਮੀ-ਫਾਈਨਲ ਅਤੇ ਫਾਈਨਲ ਮੁਕਾਬਲਿਆਂ ਦੌਰਾਨ 12/- ਰੁਪਏ ਤੋਂ 20/- ਰੁਪਏ ਪ੍ਰਤੀ ਖਿਡਾਰੀ, ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧਾ ਕੀਤਾ ਜਾਵੇ, ਕਿਉਂਜੋ ਚੀਜ਼ਾਂ ਦੇ ਰੇਟ ਵਧ ਜਾਣ ਕਰਕੇ ਰਿਫਰੈਸ਼ਮੈਂਟ ਦੇ ਵਰਤਮਾਨ ਦਰ ਬਹੁਤ ਘੱਟ ਹਨ।

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੀ ਉਕਤ ਸਿਫਾਰਸ਼ ਇਸ ਸੋਧ ਸਹਿਤ ਪਰਵਾਨ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਕੈਂਪਸ ਦੇ ਵਿਦਿਆਰਥੀਆਂ ਲਈ ਅੰਤਰ-ਕਾਲਜ ਖੇਡ ਮੁਕਾਬਲਿਆਂ ਵਿਚ ਖਿਡਾਰੀਆਂ ਦੇ ਰਿਫਰੈਸ਼ਮੈਂਟ ਦਰਾਂ ਵਿਚ 25/- ਰੁਪਏ ਤੋਂ 40/- ਰੁਪਏ ਅਤੇ ਅੰਤਰ-ਵਿਭਾਗੀ ਖੇਡ ਮੁਕਾਬਲਿਆਂ ਦੇ ਸੈਮੀ-ਫਾਈਨਲ ਅਤੇ ਫਾਈਨਲ ਮੁਕਾਬਲਿਆਂ ਦੌਰਾਨ 12/- ਰੁਪਏ ਤੋਂ 25/- ਰੁਪਏ

ਪ੍ਰਤੀ ਖਿਡਾਰੀ, ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧਾ ਕੀਤਾ ਜਾਂਦਾ ਹੈ, ਕਿਉਂਜੋ ਚੀਜ਼ਾਂ ਦੇ ਰੇਟ ਵਧ ਜਾਣ ਕਰਕੇ ਰਿਫਰੈਸ਼ਮੈਂਟ ਦੇ ਵਰਤਮਾਨ ਦਰ ਬਹੁਤ ਘੱਟ ਹਨ।

ਕਲਰਕ ਤੋਂ ਸਹਾਇਕ ਵਜੋਂ ਪੱਦ-ਉਨਤੀ ਲਈ ਰੈਗੂਲੇਸ਼ਨਜ਼ ਵਿਚ ਸੋਧ।

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੋਥੀ, ਭਾਗ ਬੀ, ਪੰਨਾ 177 ਉੱਤੇ ਰੈਗੂਲੇਸ਼ਨਜ਼ ਚੈਪਟਰ (II) (i) Recruitment/ Promotion / Selection to Different Posts ਅਧੀਨ ਸਹਾਇਕਾਂ ਦੀ ਪੱਦ-ਉਨਤੀ ਲਈ ਨਿਯਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਸੋਧ ਸਬੰਧੀ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

| **Present Regulation** | **Proposed Regulation** |
|---|---|
| The posts of Assistants shall be filled by promotion from amongst the Clerks on merit combined with seniority. | 1. The posts of Assistants shall be filled up by promotion from amongst the Clerks/ Clerk-Cum-Junior Data Entry Operators/ Junior Assistants on the basis of seniority-cum-merit.<br>2. No Clerks/Clerk-Cum-Junior Data Entry Operators/Junior Assistants shall be promoted as Assistant unless he has put in atleast five years service as such in this University. |

ਵਾਪਸ ਲਈ ਗਈ ਮੱਦ।

21. ਹੇਠ ਲਿਖੀ ਮੱਦ ਵਾਪਸ ਲਈ ਗਈ:-

ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਯੂਨੀਵਰਸਿਟੀ ਕੈਲੰਡਰ ਜਿਲਦ ਚੋਥੀ, ਭਾਗ ਬੀ, ਪੰਨਾ 180-181 ਉੱਤੇ ਰੈਗੂਲੇਸ਼ਨਜ਼ ਚੈਪਟਰ (II) (i) Recruitment/ Promotion / Selection to Different Posts ਅਧੀਨ ਫੋਟੋ-ਸਟੈਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ ਦੀ ਪੱਦ-ਉਨਤੀ ਦੇ ਨਿਯਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ:-

| **Present Regulation** | **Proposed Regulation** |
|---|---|
| 1. 50% of the posts of Photostat Machine Operator-Cum-Restorer-cum-Daftri shall be filled up by promotion from amongst the peons on the basis of seniority-cum-merit who are atleast Matriculate and have experience of atleast five years as peon. | 1. 100% of the posts of Photostat Machine Operator-Cum-Restorer-cum-Daftri shall be filled up by promotion from amongst the peons on the basis of seniority-cum-merit who are atleast Matriculate and have experience of atleast five years as peon. |
| 2. 50% of the posts of Photostat Machine Operator-cum-Restorer-cum-Daftri shall be filled up from amongst the peons having experience of atleast five years as peon on the basis of seniority-cum-merit. | 2. deleted |
| **Note:-** The employees | **Note:-** The employees |

| | |
|---|---|
| designated as Photostat Machine Operator-cum-Restorer-cum-Daftri will work on Photostat Machine. | designated as Photostat Machine Operator-cum-Restorer-cum-Daftri will work on Photostat Machine. |

ਹਿਊਮਨ ਜੈਨੇਟਿਕਸ ਵਿਭਾਗ ਵਿਖੇ ਵਿਦਿਆਰਥੀਆਂ ਨੂੰ ਸੈਸ਼ਨ 2010-11 ਤੋਂ ਸਕਾਲਰਸ਼ਿਪ ਦੀ ਰਾਸ਼ੀ ਪਰਦਾਨ ਕਰਨ ਅਤੇ ਸਕਾਲਰਸ਼ਿਪ ਦੀ ਗਿਣਤੀ ਸਬੰਧੀ।

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹਿਊਮਨ ਜੈਨੇਟਿਕਸ ਵਿਭਾਗ ਵਿਖੇ 11 ਲੱਖ ਰੁਪਏ ਦੇ ਕਾਰਪਸ ਫੰਡ ਉੱਤੇ ਪ੍ਰਾਪਤ ਵਿਆਜ ਦੀ ਰਾਸ਼ੀ ਵਿਚੋਂ ਵਿਦਿਆਰਥੀਆਂ ਨੂੰ ਸੈਸ਼ਨ 2010-11 ਤੋਂ ਸਕਾਲਰਸ਼ਿਪ ਦੀ ਰਾਸ਼ੀ ਪਰਦਾਨ ਕਰਨ ਅਤੇ ਸਕਾਲਰਸ਼ਿਪ ਦੀ ਗਿਣਤੀ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 19.3.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਆਲ ਇੰਡੀਆ ਮੁਕਾਬਲਿਆਂ ਵਿਚ ਹਰ ਸਾਲ ਚੰਗਾ ਪ੍ਰਦਰਸ਼ਨ ਕਰਕੇ ਪੁਜੀਸ਼ਨ ਹਾਸਲ ਕਰਨ ਵਾਲੀਆਂ ਟੀਮਾਂ ਦੇ ਕੋਚ ਅਤੇ ਮੈਨੇਜਰ ਨੂੰ ਗਰਮ ਸੂਟ/ਟਰੈਕ ਸੂਟ ਆਦਿ ਦੇਣ ਦੀ ਵਿਵਸਥਾ।

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਲ ਇੰਡੀਆ ਮੁਕਾਬਲਿਆਂ ਵਿਚ ਹਰ ਸਾਲ ਚੰਗਾ ਪ੍ਰਦਰਸ਼ਨ ਕਰਕੇ ਪੁਜੀਸ਼ਨ ਹਾਸਲ ਕਰਨ ਵਾਲੀਆਂ ਟੀਮਾਂ ਦੇ ਕੋਚ ਅਤੇ ਮੈਨੇਜਰ ਨੂੰ ਹਰ ਸਾਲ ਗਰਮ ਸੂਟ/ਟਰੈਕ ਸੂਟ ਆਦਿ ਦੇਣ ਦੀ ਵਿਵਸਥਾ ਕੀਤੀ ਜਾਂਦੀ ਹੈ। ਇਹ ਵਿਵਸਥਾ ਲੇਡੀ ਮੈਨੇਜਰ/ਕੋਚਾਂ ਤੇ ਵੀ ਲਾਗੂ ਹੋਵੇਗੀ।

ਸਕਿਊਰਟੀ ਗਾਰਡਾਂ ਨੂੰ ਵਾਧੂ ਸਮਾਂ ਡਿਊਟੀ ਦੇਣ ਦੇ ਇਵਜ਼ ਵਿਚ ਭੱਤਾ ਦੇਣ ਦੀ ਵਿਵਸਥਾ ਵਿਚ ਸੋਧ।

24. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਸਕਿਊਰਟੀ ਗਾਰਡਾਂ ਨੂੰ ਵਾਧੂ ਸਮਾਂ ਡਿਊਟੀ ਦੇਣ ਦੇ ਇਵਜ਼ ਵਿਚ ਭੱਤਾ ਦੇਣ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 11.6.1999 ਦੇ ਪੈਰਾ 43 ਰਾਹੀਂ ਲਏ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਇਹ ਤਬਦੀਲੀ ਮਿਤੀ 1.4.2010 ਤੋਂ ਲਾਗੂ ਹੋਵੇਗੀ:-

| | **Existing Rate** | **Proposed Rate** |
|---|---|---|
| Basic Pay Below Rs. 4000/- | Rs. 11/- per hr. | Rs. 160/-per day (for 8 hours) Lump Sum. |
| Basic Pay Rs. 4000/- & above | Rs. 14/-per hr. | |

ਸਬੰਧਤ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ।

25. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਦਿਆਰਥੀ, ਜੋ ਨਿਸ਼ਚਿਤ ਸਮੇਂ ਅੰਦਰ ਆਪਣੀ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੇ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਿੰਡੀਕੇਟ ਦੇ ਨਿਰਣੇ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ, ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਕਲਾਸ ਅਤੇ ਰੋਲ ਨੰ: | ਪ੍ਰੋਜੈਕਟ ਰਿਪੋਰਟ / ਖੋਜ ਨਿਬੰਧ ਜਮ੍ਹਾਂ ਕਰਵਾਉਣ ਦੀ ਨਿਰਧਾਰਤ ਮਿਤੀ |
|---|---|---|---|
| 1. | ਨਿਧੀ ਮਹਾਜਨ | ਐਮ.ਬੀ.ਏ.(ਦੋ ਸਾਲਾ), 2649 | 31.3.2007 |

| | | | |
|---|---|---|---|
| 2. | ਜਿਮੀ ਭਗਤ | ਐਮ.ਬੀ.ਏ. (HRM), 471302 | 31.3.2008 |
| 3. | ਅਵਨੇਂਦਰਾ ਮੋਹਨ ਆਰੀਆ | ਐਮ.ਬੀ.ਈ., 25569 | 31.3.2007 |
| 4. | ਨਿਧੀ ਮੋਹੇ | ਐਮ.ਬੀ.ਈ., 871611 | 31.3.2009 |
| 5. | ਨਵਦੀਪ ਸਿੰਘ | ਐਮ.ਏ.(ਆਨਰਜ਼)ਪੰਜਾਬੀ, 53 | 30.6.2007 |

ਬਾਹਰਲੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਦੀ ਬੀ.ਏ./ਬੀ.ਐਸ.ਸੀ. ਦਾ ਪੰਜਾਬੀ ਭਾਸ਼ਾ ਦਾ ਵਾਧੂ ਵਿਸ਼ਾ ਪਾਸ ਕਰਨ ਦੀ ਸੁਵਿਧਾ।

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਹਰਲੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਦੀ ਬੀ.ਏ./ਬੀ.ਐਸ.ਸੀ. ਦਾ ਪੰਜਾਬੀ ਭਾਸ਼ਾ ਦਾ ਵਾਧੂ ਵਿਸ਼ਾ ਪਾਸ ਕਰਨ ਦੀ ਸੁਵਿਧਾ ਦੇਣ ਤੇ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 7.4.2010 ਦੀ ਸਿਫਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ। ਸੋਧ ਸਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਇਸ ਯੂਨੀਵਰਸਿਟੀ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ ਵਿਚ ਸਪੋਰਟਸ ਕੈਟਾਗਰੀ ਅਧੀਨ ਦਾਖਲੇ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ ਵਿਚ ਸਪੋਰਟਸ ਕੈਟਾਗਰੀ ਅਧੀਨ ਦਾਖਲੇ ਸਬੰਧੀ ਨੀਤੀ ਤੇ ਵਿਚਾਰ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 13.3.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਪਬਲੀਕੇਸ਼ਨ ਬਿਊਰੋ ਵਿਭਾਗ ਵਿਖੇ ਪੁਸਤਕਾਂ ਨੂੰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

28. ਪ੍ਰਕਾਸ਼ਨ ਕਮੇਟੀ ਦੀ ਮਿਤੀ 15.3.2010 ਦੀ ਮੱਦ ਨੰ: 2 ਰਾਹੀਂ ਕੀਤੀ ਸਿਫਾਰਸ਼ (**ਅੰਤਿਕਾ-I**) ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਪੁਸਤਕ 'ਉਮਰ ਦਾ ਪੰਧ' (ਦੋ ਜਿਲਦਾਂ) ਸਬੰਧੀ ਕੁਝ ਸੰਸਥਾਵਾਂ/ਵਿਦਵਾਨਾਂ ਵਲੋਂ ਪੁਸਤਕ ਵਿਚ ਛਪੀਆਂ ਇਤਰਾਜਯੋਗ ਗੱਲਾਂ ਕਰਕੇ ਯੂਨੀਵਰਸਿਟੀ ਵਲੋਂ ਇਸ ਦੀ ਵਿਕਰੀ ਰੋਕ ਦਿੱਤੇ ਜਾਣ ਕਾਰਣ ਪਬਲੀਕੇਸ਼ਨ ਬਿਊਰੋ ਵਿਭਾਗ ਵਿਖੇ ਸਟੋਰ ਵਿਚ ਪਈਆਂ 90480/- ਰੁਪਏ ਕੀਮਤ ਦੀਆਂ ਪੁਸਤਕਾਂ (**ਅੰਤਿਕਾ-II ਅਨੁਸਾਰ**) ਨੂੰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਮੈਸਟਰ ਸਿਸਟਮ ਅਧੀਨ ਉੱਤਰ-ਪੱਤਰੀਆਂ ਦਿਖਾਉਣ ਸਬੰਧੀ ਨਿਰਣਾ ਸਲਾਨਾ ਸਿਸਟਮ ਅਧੀਨ ਯੂਨੀਵਰਸਿਟੀ ਕੈਂਪਸਾਂ ਅਤੇ ਕਾਲਜਾਂ ਵਿਚ ਚਲ ਰਹੇ ਕਾਮਨ ਕੋਰਸਾਂ ਦੇ ਵਿਦਿਆਰਥੀਆਂ ਤੇ ਵੀ ਲਾਗੂ ਕਰਨ ਦੀ

29. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 4.2.2010 ਦੇ ਪੈਰਾ ਨੰ: 21 ਅਤੇ 30 ਦੇ ਅਧਾਰ ਤੇ ਯੂਨੀਵਰਸਿਟੀ ਕੈਂਪਸ ਅੰਮ੍ਰਿਤਸਰ, ਰਿਜਨਲ ਕੈਂਪਸਸ ਜਲੰਧਰ ਅਤੇ ਗੁਰਦਾਸਪੁਰ ਵਿਖੇ ਸਮੈਸਟਰ ਸਿਸਟਮ ਅਧੀਨ ਪੜ੍ਹ ਰਹੇ ਵਿਦਿਆਰਥੀਆਂ; ਅਤੇ ਯੂਨੀਵਰਸਿਟੀ ਕੈਂਪਸ ਅਤੇ ਕਾਲਜਾਂ ਵਿਚ ਚਲ ਰਹੇ ਕਾਮਨ ਕੋਰਸਾਂ ਵਿਚ ਪੜ ਰਹੇ ਵਿਦਿਆਰਥੀਆਂ ਨੂੰ ਉੱਤਰ-ਪਤੱਰੀਆਂ ਦਿਖਾਉਣ ਸਬੰਧੀ ਨਿਰਣਾ, ਸਲਾਨਾ ਸਿਸਟਮ ਅਧੀਨ ਯੂਨੀਵਰਸਿਟੀ ਕੈਂਪਸ ਅਤੇ ਕਾਲਜਾਂ ਵਿਚ ਪੜ੍ਹ ਰਹੇ ਕਾਮਨ ਕੋਰਸਾਂ ਦੇ ਵਿਦਿਆਰਥੀਆਂ ਤੇ ਵੀ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਉੱਤਰ-ਪੱਤਰੀਆਂ ਦਿਖਾਉਣ ਤੋਂ ਬਾਅਦ ਮੁੜ-

ਪਰਨਵਾਨਗੀ।

ਮੁਲਾਂਕਣ ਦੀ ਆਗਿਆ ਨਹੀਂ ਹੋਵੇਗੀ। ਸੋਧ ਸਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਯੂਨੀਵਰਸਿਟੀ ਅਧਿਆਪਕਾਂ/ ਅਧਿਕਾਰੀਆਂ/ ਕਰਮਚਾਰੀਆਂ ਕੋਲੋਂ ਹਾਊਸ ਰੈਂਟ ਚਾਰਜ਼ ਕਰਨ ਸਬੰਧੀ ਕਮੇਟੀ ਦੀ ਸਿਫਾਰਸ਼ ਦੀ ਪਰਵਾਨਗੀ।

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੁਆਰਾ ਨਵੇਂ ਸੋਧੇ ਸਕੇਲਾਂ ਅਨੁਸਾਰ ਸਰਕਾਰੀ ਰਿਹਾਇਸ਼ ਦੀ ਲਾਇਸੈਂਸ ਫੀਸ ਨੂੰ ਲਾਗੂ ਕਰਨ ਲਈ ਜਾਰੀ ਨੋਟੀਫਿਕੇਸ਼ਨ ਨੰ: 4/7/09-2FP1/402 ਮਿਤੀ 18.8.2009 **ਅੰਤਿਕਾ-I** ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਂਪਸ ਵਿਖੇ ਰਹਿ ਰਹੇ ਅਧਿਆਪਕਾਂ/ਅਧਿਕਾਰੀਆਂ/ਕਰਮਚਾਰੀਆਂ ਕੋਲੋਂ ਹਾਊਸ ਰੈਂਟ ਚਾਰਜ਼ ਕਰਨ ਸਬੰਧੀ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 22.3.2010 ਦੀਆਂ ਸਿਫਾਰਸ਼ਾਂ **ਅੰਤਿਕਾ-II** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਆਉਂਦੇ ਕਾਲਜਾਂ ਵਿਖੇ ਅਧਿਆਪਕਾਂ ਦਾ **CPF** ਕੱਟਣ ਦੀ ਵਿਵਸਥਾ 'ਅਧਿਆਪਕਾਂ' ਦੀ ਥਾਂ '**Employees**' ਤੇ ਲਾਗੂ ਕਰਨ ਦੀ ਪਰਵਾਨਗੀ।

31. ਪ੍ਰਧਾਨ, ਗੋਰਮਿੰਟ ਏਡਿਡ ਕਾਲਜਿਜ਼ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਅਤੇ ਚੰਡੀਗੜ ਦੀ ਪ੍ਰਤੀ ਬੇਨਤੀ ਨੰ: A/1823 ਮਿਤੀ 18.3.2010 **ਅੰਤਿਕਾ** ਅਨੁਸਾਰ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 4.2.2010 ਦੇ ਪੈਰਾ 26 ਰਾਹੀਂ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਆਉਂਦੇ ਕਾਲਜਾਂ ਵਿਖੇ ਅਧਿਆਪਕਾਂ ਦਾ CPF Salary ਤੇ ਕੱਟਣ ਦੀ ਕੀਤੀ ਗਈ ਵਿਵਸਥਾ 'ਅਧਿਆਪਕਾਂ' ਦੀ ਥਾਂ ਤੇ 'Employees' ਲਈ ਪਰਵਾਨ ਕੀਤੀ ਜਾਂਦੀ ਹੈ ਕਿਉਂਜੋ ਅਜਿਹੀ ਵਿਵਸਥਾ ਪੰਜਾਬ ਯੂਨੀਵਰਸਿਟੀ ਦੇ ਅਧਾਰ ਤੇ ਹੈ।

ਮੈਡੀਕਲ ਕਮੇਟੀ ਦੀ ਮਿਤੀ 9.4.2010 ਦੀ ਸਿਫਾਰਸ਼ ਦੀ ਪਰਵਾਨਗੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੈਡੀਕਲ ਕਮੇਟੀ ਦੀ ਮਿਤੀ 9.4.2010 ਦੀ (ਮੱਦ ਨੰ: 3 ਅਧੀਨ) ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

> "Resolved to recommend that the statue 27.3(ii) (b) GND University Calender Vol. I, page 133-34, 2007 regarding financial powers of Head of Science Department for purchase of chemicals, apparatus be applied to the University Health Centre also and the Incharge, Health Centre be allowed to make purchase of recurrent provision in the budget (i.e. chemicals, disposable/surgical, apparatus repairs etc.) upto Rs. 10000/- on rate contract basis. (as the cost of Autoback biochemical reagents kits, chemicals, dental material, medicines, repair of apparatus equipments have increased tremendously during the past few years.
>
> It is worthwhile to mention overhere that like Science Departments the permanent imprest of health centre is also Rs. 5000/- (in case of arts and other non-teaching departments, permanent imprest is Rs. 2000/-)"

ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਖਿਡਾਰੀਆਂ ਨੂੰ ਇਨਸੈਂਟਿਵ ਦੇਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਰਿਜਨਲ ਕੈਂਪਸ ਜਲੰਧਰ, ਰਿਜਨਲ ਕੈਂਪਸ ਗੁਰਦਾਸਪੁਰ, ਯੂਨੀਵਰਸਿਟੀ ਕਾਲਜ ਜਲੰਧਰ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਅਤੇ ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ, ਜਿਲ੍ਹਾ ਗੁਰਦਾਸਪੁਰ ਵਿਖੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਖਿਡਾਰੀਆਂ ਨੂੰ ਸੈਸ਼ਨ 2010-11 ਤੋਂ ਇਨਸੈਂਟਿਵ ਦੇਣ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ

20.4.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**Credit based Evaluation System** ਸਬੰਧੀ ਨਿਰਣਾ ਬੈਚੂਲਰ ਇਨ ਫਿਜ਼ੀਓਥਰਾਪੀ ਤੇ ਲਾਗੂ ਕਰਨ ਤੋਂ ਛੋਟ।

34. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ 28 ਰਾਹੀਂ ਸੈਸ਼ਨ 2010-11 ਤੋਂ Credit based Evaluation System ਦੇ ਅਧਿਆਦੇਸ਼, ਨਿਯਮ ਅਤੇ ਰੈਗੂਲੇਸ਼ਨਜ਼ ਵੱਖ-ਵੱਖ ਫੈਕਲਟੀਆਂ ਤੇ ਲਾਗੂ ਕਰਨ ਸਬੰਧੀ ਨਿਰਣਾ, ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਦੇ ਮੁਖੀ ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ, ਬੈਚੂਲਰ ਇਨ ਫਿਜੀਓਥਰਾਪੀ ਕੋਰਸ ਤੇ ਲਾਗੂ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ।

ਕੁਝ ਮੈਂਬਰ ਸਾਹਿਬਾਨ ਵੱਲੋਂ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ 28 ਰਾਹੀਂ Credit Based Evaluation System ਲਾਗੂ ਕਰਨ ਸਬੰਧੀ ਨਿਰਣਾ **ਅੰਤਿਕਾ** ਦੇ ਪੰਨਾ 6 ਉੱਤੇ ਦਰਸਾਏ ਨਿਯਮ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਲਈ, ਸੋਧ ਅਨੁਸਾਰ ਲਾਗੂ ਕਰਨ ਦਾ ਸੁਝਾਅ ਦਿੱਤਾ ਗਿਆ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ 28 ਰਾਹੀਂ Credit Based Evaluation System ਲਾਗੂ ਕਰਨ ਸਬੰਧੀ ਨਿਰਣਾ ਅੰਤਿਕਾ ਦੇ ਪੰਨਾ 6 ਉੱਤੇ ਦਰਸਾਏ ਨਿਯਮ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਲਈ, ਹੇਠ ਲਿਖੀ ਸੋਧ ਅਨੁਸਾਰ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| **Existing** | **Amended** |
|---|---|
| A student (except for Ph.D.) shall be required to maintain a minimum of 4.5 SGPA at the end of each semester. A student getting 'E' or lower grade in any course will be treated as having failed in that course and shall have to repeat the core/elective courses/ or repeat/opt another course in lieu of interdisciplinary/outside department course with the approval of the Board of Control, and will have to obtain the least 'D' grade in that course within specified period as per the prevailing rules. The weights of 'E' and 'F' Grades will not be counted in SGPA or CGPA. | A student (except for Ph.D., <u>and PG level courses in Sports Medicine & Physiotherapy)</u> shall be required to maintain a minimum of 4.5 SGPA at the end of each semester. A student getting 'E' or lower grade in any course will be treated as having failed in that course and shall have to repeat the core/elective course/or repeat/opt another course in lieu of interdisciplinary/outside department course with the approval of the Board of Control, and will have to obtain at least 'D' grade in that course within specified period as per the prevailing rules. The weights of 'E' and 'F' Grades will not be counted in SGPA or CGPA.<br><br><u>Students registered for PG level courses in Sports Medicine & Physiotherapy shall be required to maintain a minimum of 5.62 SGPA at the end of each semester. A student getting 'C' or lower grade in any course in this discipline will be treated as having failed in that course and shall have to repeat the core/elective courses/or repeat/opt another course in lieu of interdisciplinary/outside department course with the approval of Board of Control, and will have to obtain at least 'C+' grade in that course within specified period as per the prevailing rules. The weights of 'C' and lower Grades will not be counted in SGPA or CGPA.</u> |

ਯੂਨੀਵਰਸਿਟੀ ਕਾਲਜ, ਜਲੰਧਰ ਅਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਐਮ.ਬੀ.ਏ. (ਦੋ ਸਾਲਾ ਕੋਰਸ) ਸ਼ੁਰੂ ਕਰਨ ਦੀ ਪਰਵਾਨਗੀ।

35. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ-

**ਪਾਸ ਹੋਇਆ** ਕਿ (ੳ) ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਜਲੰਧਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਕਤ ਕਾਲਜ ਵਿਖੇ ਸੈਸ਼ਨ 2010-11 ਤੋਂ ਐਮ.ਬੀ.ਏ. (ਦੋ ਸਾਲਾ ਕੋਰਸ) ਦਾ ਇਕ ਯੂਨਿਟ (50 ਸੀਟਾਂ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਕਤ ਕਾਲਜ ਵਿਖੇ ਐਮ.ਬੀ.ਏ. (ਪੰਜ ਸਾਲਾ ਕੋਰਸ) ਦੀ ਥਾਂ ਤੇ ਸੈਸ਼ਨ 2010-11 ਤੋਂ ਐਮ.ਬੀ.ਏ. (ਦੋ ਸਾਲਾ ਕੋਰਸ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਕੋਰਸ ਛੱਡਣ ਜਾਂ ਇਕ ਕੋਰਸ ਛੱਡ ਕੇ ਦੂਜੇ ਕੋਰਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਫੀਸ/ਸਕਿਓਰਟੀ ਰਿਫੰਡ ਕਰਨ ਦੀ ਪਰਵਾਨਗੀ।

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਜਿਹੇ ਵਿਦਿਆਰਥੀ ਜੋ ਕੋਰਸ ਛੱਡ ਜਾਂਦੇ ਹਨ ਜਾਂ ਇਕ ਕੋਰਸ ਛੱਡ ਕੇ ਦੂਜੇ ਕੋਰਸ ਵਿਚ ਦਾਖਲਾ ਲੈ ਲੈਂਦੇ ਹਨ, ਨੂੰ ਫੀਸ/ਸਕਿਓਰਟੀ ਰਿਫੰਡ ਕਰਨ ਸਬੰਧੀ ਨਿਯਮ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 22.4.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਲਈ ਐਡਵਾਈਜ਼ਰੀ ਕਮੇਟੀ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

37. ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉੱਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2010 ਤੋਂ 30.6.2011 ਤੱਕ, ਇਕ ਸਾਲ ਲਈ ਐਡਵਾਈਜ਼ਰੀ ਕਮੇਟੀ ਸੰਗਠਿਤ ਕਰਨ ‘ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉੱਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2010 ਤੋਂ 30.6.2011 ਤੱਕ, ਇਕ ਸਾਲ ਲਈ ਐਡਵਾਈਜ਼ਰੀ ਕਮੇਟੀ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਦੇ ਖਾਤਿਆਂ ਵਿਚ ਗਬਨ ਸਬੰਧੀ ਅਗਲੇਰੀ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

38. ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਸਬੰਧੀ ਰਿਵਾਲਵਿੰਗ ਫੰਡ ਅਕਾਊਂਟ ਨੰ: 20495 ਅਤੇ ਮੈਸ ਅਕਾਊਂਟ ਨੰ: 20497 ਦੇ ਖਾਤਿਆਂ ਵਿਚ ਗਬਨ ਬਾਰੇ ਸ੍ਰੀ ਅੰਮ੍ਰਿਤ ਪਾਲ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਰਾਏ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ 63 ਰਾਹੀਂ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਗਿਆ ਸੀ:-

“**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਸਬੰਧੀ ਰਿਵਾਲਵਿੰਗ ਫੰਡ ਅਕਾਊਂਟ ਨੰ: 20495 ਅਤੇ ਮੈਸ ਅਕਾਊਂਟ ਨੰ: 20497 ਦੇ

ਖਾਤਿਆਂ ਵਿਚ ਗਬਨ ਬਾਰੇ ਇਨਕੁਆਰੀ ਅਫਸਰ ਸ੍ਰੀ ਕੇ.ਐਲ. ਸ਼ਰਮਾ, ਜਾਇੰਟ ਡਾਇਰੈਕਟਰ, ਲੋਕਲ ਆਡਿਟ (ਰਿਟਾਇਰਡ), ਅੰਮ੍ਰਿਤਸਰ ਵੱਲੋਂ ਪੇਸ਼ ਕੀਤੀ ਰਿਪੋਰਟ (ਅੰਤਿਕਾ ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਪੜਤਾਲੀਆ ਅਫਸਰ ਵੱਲੋਂ ਦੋਸ਼ੀ ਦਰਸਾਏ ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇ ਅਤੇ ਨੋਟਿਸ ਵਿਚ ਇਹ ਵੀ ਸ਼ਾਮਲ ਕੀਤਾ ਜਾਵੇ ਕਿ ਕਿਉਂ ਨਾ ਗਬਨ ਹੋਈ ਰਕਮ ਦੀ ਪੂਰਤੀ ਉਨ੍ਹਾਂ ਕੋਲੋਂ ਕੀਤੀ ਜਾਵੇ।"

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਸਬੰਧੀ ਰਿਵਾਲਵਿੰਗ ਫੰਡ ਅਕਾਊਂਟ ਨੰ: 20495 ਅਤੇ ਮੈਸ ਅਕਾਊਂਟ ਨੰ: 20497 ਦੇ ਖਾਤਿਆਂ ਵਿਚ ਗਬਨ ਬਾਰੇ ਅਗਲੇਰੀ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਾਲ 2010-11 ਲਈ ਵੱਖ-ਵੱਖ ਕੋਰਸਾਂ ਵਿਚ ਦਾਖਲੇ ਸਬੰਧੀ ਕਸ਼ਮੀਰੀ ਮਾਈਗਰੈਂਟਸ ਨੂੰ ਸਹੂਲਤਾਂ ਦੀ ਪੁਸ਼ਟੀ।

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਕਸ਼ਮੀਰੀ ਮਾਈਗਰੈਂਟਸ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ ਸਹੂਲਤਾਂ ਪਰਦਾਨ ਕਰਨ ਸਬੰਧੀ ਭਾਰਤ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮੰਤਰਾਲੇ ਦੇ ਪੱਤਰ ਨੰ: F.10-1/10-Desk(U) ਮਿਤੀ 8.3.2010 (**ਅੰਤਿਕਾ ਅਨੁਸਾਰ**) ਨੂੰ ਲਾਗੂ ਕਰਨ ਹਿਤ ਸਿੰਡੀਕੇਟ ਦੀ ਇੱਕਤਰਤਾ ਮਿਤੀ 23.4.2008 ਦੇ ਪੈਰਾ 17 ਰਾਹੀਂ ਸੈਸ਼ਨ 2008-09 ਲਈ ਪਰਵਾਨ ਹੋਏ ਹੇਠ ਲਿਖੇ Criteria ਨੂੰ ਸੈਸ਼ਨ 2010-11 ਲਈ ਅਪਨਾਉਣ ਦੀ ਆਗਿਆ ਦਿੱਤੀ ਹੈ:-

1. In those technical/professional departments at GNDU Campus and its Regional campuses at Jalandhar and Gurdaspur where there is only one application, admission may be granted if the candidate fulfills all the requirements and qualifications.
2. In case there is more than one candidate, the admission may be granted on the basis of marks obtained in the qualifying examination as per rules of the University.

ਡਾ. ਸਵਪਨਾ ਮਿਸ਼ਰਾ, ਲੈਕਚਰਾਰ ਅਪਲਾਈਡ ਸਾਇੰਸਜ਼ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸਵਪਨਾ ਮਿਸ਼ਰਾ, ਲੈਕਚਰਾਰ, ਅਪਲਾਈਡ ਕੈਮੀਕਲ ਸਾਇੰਸਜ਼ ਤੇ ਟੈਕਨਾਲੋਜੀ ਵਿਭਾਗ ਨੂੰ Merinos Congress Centre, Bursa, Turkey ਵਿਖੇ 12-14 ਮਈ, 2010 ਦੌਰਾਨ "The Fibre Society Spring 2010" ਸਬੰਧੀ ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਵਿੱਤੀ ਸਹਾਇਤਾ ਪਰਦਾਨ ਕੀਤੀ ਹੈ। ਇਸ ਸਬੰਧੀ ਅਦਾਇਗੀ ਯੂ.ਜੀ.ਸੀ. ਵਲੋਂ ਵਰਤਮਾਨ ਵਿੱਤੀ ਸਾਲ ਲਈ 16 Merged Scheme ਅਧੀਨ ਗ੍ਰਾਂਟ ਪ੍ਰਾਪਤ ਹੋਣ ਉਪਰੰਤ ਕੀਤੀ ਜਾਵੇਗੀ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

41. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਮਨਮੋਹਨਜੀਤ ਸਿੰਘ | A Sociological Study to Investigate the Prevalence of Unprofessional Practices among School Teachers in Roopnagar District. | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ |
| 2. | ਮਨੋਹਰ ਸਿੰਘ | The institutions of Ombudsman and its viability in India. | ਲਾਅ- ਲਾਅ ਫੈਕਲਟੀ |
| 3. | ਅਰਵਿੰਦਰ ਕੌਰ | Competitiveness of India's Manufactured Exports : An Analysis. | ਇਕਨਾਮਿਕਸ- ਇਕਨਾਮਿਕਸ ਤੇ ਬਿਜਨੈਸ ਫੈਕਲਟੀ |
| 4. | ਬੀਰੇਂਦਰ ਕੁਮਾਰ | Genome Organization of Cucumber mosaic virus Infecting Lilium spp. and Development of ELISA- based Diagnostic kit. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ |
| 5. | ਸਿਕੰਦਰ | Effect of 24-Epibrassinolide on the Levels of Some PGR's in Seedlings of Raphanus sativus L Grown under Heavy Metal Stress. | - ਉਹੀ - |
| 6. | ਅਰਚਨਾ ਸੈਣੀ | Characterization of Different species under the Genus Mystus (Family- Bagridae) | ਜੂਆਲੋਜੀ- ਲਾਈਫ ਸਾਇੰਸਜ਼ ਫੈਕਲਟੀ |
| 7. | ਮਾਨਵ ਕਪੂਰ | Moleculer Genetic Markers and Anthropometric Measurements in Depressed Individuals. | ਹਿਊਮਨ ਜੈਨੇਟਿਕਸ- ਲਾਈਫ ਸਾਇੰਸਜ਼ ਫੈਕਲਟੀ |
| 8. | ਲਖਵਿੰਦਰ ਸਿੰਘ | Design and Synthesis of Some Heterocycile Systems of Pharmaceutical Interest. | ਫਾਰਮਾਸਿਊਟੀਕਲ ਸਾਇੰਸਜ਼- ਅਪਲਾਈਡ ਸਾਇੰਸਜ਼ ਫੈਕਲਟੀ |
| 9. | ਅਸ਼ਵਨੀ ਕੁਮਾਰ | Piperine, a Phytochemical potentiator of Ciprofloxacin against Staphylococcus aureus. | ਮਾਈਕਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ |
| 10. | ਸੁਮਨ ਸ਼ਰਮਾ | Isolation, Characterization of Microbial Surfactants and their Role in Bioremediation. | - ਉਹੀ - |
| 11. | ਸੁਮਨੀਤ ਕੌਰ | Conrad's Critique of Imperialism Claims and Faultlines | ਅੰਗਰੇਜੀ- ਲੈਂਗੁਏਜਿਜ਼ ਫੈਕਲਟੀ |
| 12. | ਕੁੰਵਰ ਵਿਜੇ ਪ੍ਰਤਾਪ ਸਿੰਘ | Human Rights of Prisoners: A Case Study of Central Jail Amritsar. | ਪੁਲਿਸ ਐਡਮਿਨੀਸਟ੍ਰੇਸ਼ਨ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ |

ਇਹ ਵੀ **ਪਾਸ ਹੋਇਆ** ਕਿ ਪੀ.ਐਚ.ਡੀ. ਦੇ ਅਜਿਹੇ ਉਮੀਦਵਾਰ ਜਿਨ੍ਹਾਂ ਦਾ ਵਾਈਵਾ ਮਿਤੀ 23.5.2010 ਤੱਕ ਹੋ ਚੁੱਕਾ ਹੈ ਅਤੇ ਉਹ ਅਧਿਆਦੇਸ਼ਾਂ ਅਨੁਸਾਰ ਪੀ.ਐਚ.ਡੀ. ਡਿਗਰੀ ਦੇ ਯੋਗ ਹਨ, ਨੂੰ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

42. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

(1) ਇਸ ਵਾਰ ਸਾਰੇ ਦਾਖਲੇ ਆਨ-ਲਾਈਨ ਕਰਵਾਏ ਜਾ ਰਹੇ ਹਨ। ਪ੍ਰਾਸਪੈਕਟਸ ਯੂਨੀਵਰਸਿਟੀ ਵੈਬਸਾਈਟ ਤੇ ਪਾ ਦਿੱਤਾ ਗਿਆ ਹੈ, ਅਤੇ ਇਸ ਵਾਰ ਛਪਾਇਆ ਨਹੀਂ ਜਾ ਰਿਹਾ। ਦਾਖਲਾ ਫਾਰਮ ਭਰਨ ਲਈ ਵਿਦਿਆਰਥੀਆਂ ਦੀ ਸੁਵਿਧਾ ਲਈ ਕੰਪਿਊਟਰ ਸੈਂਟਰ ਵਿਖੇ 5 ਕੰਪਿਊਟਰ ਕਾਊਂਟਰ ਸਥਾਪਤ ਕੀਤੇ ਗਏ ਹਨ।

(2) ਇਸ ਸਾਲ ਕਈ ਕਲਾਸਾਂ ਵਿਚ ਦਾਖਲਾ ਮੈਰਿਟ ਦੇ ਅਧਾਰ ਤੇ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਕ੍ਰੈਡਿਟ ਬੇਸਡ ਇਵੈਲੂਏਸ਼ਨ ਸਿਸਟਮ ਇਸ ਅਕਾਦਮਿਕ ਸਾਲ ਤੋਂ ਸਾਇੰਸ, ਲਾਈਫ ਸਾਇੰਸ, ਇੰਜੀਨੀਅਰਿੰਗ ਅਤੇ ਟੈਕਨਾਲੋਜੀ ਫੈਕਲਟੀਆਂ ਵਿਚ ਲਾਗੂ ਕੀਤਾ ਜਾ ਰਿਹਾ ਹੈ।

(3) ਐਮ.ਬੀ.ਏ./ਐਮ.ਸੀ.ਏ. ਦਾਖਲਾ ਪ੍ਰੀਖਿਆ ਪੰਜਾਬ ਦੇ ਸਬੰਧਤਾ ਪ੍ਰਾਪਤ ਕਾਲਜਾਂ/ਸੰਸਥਾਵਾਂ ਵਿਚ ਦਾਖਲੇ ਲਈ ਇਸ ਸਾਲ ਯੂਨੀਵਰਸਿਟੀ ਵਲੋਂ 4 ਜੁਲਾਈ ਨੂੰ ਕਰਵਾਈ ਜਾ ਰਹੀ ਹੈ। ਪ੍ਰਾਸਪੈਕਟਸ ਕਲ ਤੋਂ ਮਿਲਣੇ ਸ਼ੁਰੂ ਹੋ ਜਾਣਗੇ।

(4) ਖੇਡ ਵਿਭਾਗ ਦਾ 40ਵਾਂ ਸਲਾਨਾ ਇਨਾਮ ਵੰਡ ਸਮਾਰੋਹ 2009-10 ਲਈ 13 ਮਾਰਚ, 2010 ਨੂੰ ਕਰਵਾਇਆ ਗਿਆ। ਇਸ ਅਵਸਰ ਤੇ ਸ. ਸੁਖਬੀਰ ਸਿੰਘ ਬਾਦਲ, ਉਪ ਮੁੱਖ-ਮੰਤਰੀ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਖੇਡਾਂ ਵਿਚ ਵਧੀਆ ਕਾਰਗੁਜਾਰੀ ਲਈ 370 ਤੋਂ ਵੱਧ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ 25 ਲੱਖ ਰੁਪਏ ਦੇ ਨਗਦ ਇਨਾਮ ਦਿੱਤੇ ਗਏ।

(5) ਫਿਜੀਕਲ ਐਜੂਕੇਸ਼ਨ (ਅਲਾਈਡ ਟੀਚਿੰਗ) ਵਿਭਾਗ ਵਲੋਂ 27-28 ਮਾਰਚ ਨੂੰ ਸਿਹਤ, ਸਰੀਰਕ ਸਿੱਖਿਆ ਅਤੇ ਖੇਡਾਂ ਵਿਚ ਆਧੁਨਿਕ ਤਕਨੀਕਾਂ ਦੀ ਵਰਤੋਂ ਵਿਸ਼ੇ ਤੇ ਰਾਸ਼ਟਰੀ ਵਰਕਸ਼ਾਪ ਆਯੋਜਿਤ ਕੀਤੀ ਗਈ।

(6) 10 ਮਾਰਚ ਨੂੰ ਪੰਜਾਬੀ ਅਲੋਚਨਾ ਦੇ ਪਿਤਾਮਾ ਸਵਰਗਵਾਸੀ ਪ੍ਰੋਫੈਸਰ ਜੋਗਿੰਦਰ ਸਿੰਘ ਰਾਹੀ ਨੂੰ ਸਮਰਪਿਤ ਪ੍ਰੋਫੈਸਰ ਜੋਗਿੰਦਰ ਸਿੰਘ ਰਾਹੀ: ਚਿੰਤਨ ਅਧਿਐਨ ਤੇ ਅਧਿਆਪਨ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।

(7) 22 ਮਾਰਚ ਨੂੰ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਨ ਕਰਵਾਇਆ ਗਿਆ, ਜੋ ਕਿ ਡਾ. ਨਾਹਰ ਸਿੰਘ, ਪੰਜਾਬ ਯੂਨੀਵਰਸਿਟੀ ਨੇ ਦਿੱਤਾ।

(8) ਮਾਰਚ ਮਹੀਨੇ ਵਿਚ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ, ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ, ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬੀ ਅਧਿਐਨ ਸਕੂਲ, ਪੰਜਾਬ ਸਕੂਲ ਆਫ ਇਕਨਾਮਿਕਸ, ਭਗਤ ਰਵੀਦਾਸ ਚੇਅਰ ਅਤੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਸੈਮੀਨਾਰ ਕਰਵਾਏ ਗਏ।

(9) 3 ਅਪ੍ਰੈਲ ਨੂੰ ਡਾ. ਆਰ.ਸੀ. ਸੋਬਤੀ, ਵਾਈਸ-ਚਾਂਸਲਰ, ਪੰਜਾਬ ਯੂਨੀਵਰਸਿਟੀ ਨੂੰ ਪ੍ਰੋ. ਗੁਰਦੀਪ ਸਿੰਘ ਰੰਧਾਵਾ ਓਰੇਸ਼ਨ ਅਵਾਰਡ ਇਨ ਹਿਊਮਨ ਜੈਨੇਟਿਕਸ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੇ ਇਸ ਅਵਸਰ ਤੇ ਸਰਵਾਈਕਲ ਕੈਂਸਰ ਬਾਰੇ ਭਾਸ਼ਨ ਦਿੱਤਾ।

(10) 12 ਅਪ੍ਰੈਲ ਨੂੰ ਯੂਨੀਵਰਸਿਟੀ ਵਲੋਂ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਸਹਿਯੋਗ ਨਾਲ ਸੂਚਨਾ ਐਕਟ 2005 ਤੇ ਸੈਮੀਨਾਰ ਕਰਵਾਇਆ ਗਿਆ,

ਜਿਸ ਵਿਚ ਸ. ਰਮੇਸ਼ ਇੰਦਰ ਸਿੰਘ, ਮੁੱਖ ਸੂਚਨਾ ਕਮਿਸ਼ਨਰ ਅਤੇ ਸ. ਦਰਬਾਰਾ ਸਿੰਘ ਕਾਹਲੋਂ ਅਤੇ ਦੂਜੇ ਮਾਹਿਰਾਂ ਨੇ ਸੂਚਨਾ ਐਕਟ ਬਾਰੇ ਜਾਣਕਾਰੀ ਦਿੱਤੀ।

(11) 22 ਅਪ੍ਰੈਲ ਨੂੰ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੁਆਰਾ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ, ਬਨਾਸਪਤੀ ਦੀ ਦੇਖ-ਭਾਲ ਸਬੰਧੀ ਭਾਸ਼ਣ ਦਿੱਤੇ ਗਏ ਅਤੇ ਇਸ ਅਵਸਰ ਤੇ ਨਿੰਮ ਦੇ ਬੂਟੇ ਲਗਾਏ ਗਏ।

(12) ਮਾਤਾ ਨਾਨਕੀ ਲੜਕੀਆਂ ਦੇ ਹੋਸਟਲ-2 ਵਿਚ 9 ਦਿਨਾਂ ਯੋਗਾ ਕੈਂਪਸ ਲਗਾਇਆ ਗਿਆ, ਜਿਸ ਵਿਚ 100 ਦੇ ਲਗਭਗ ਵਿਦਿਆਰਥਣਾਂ ਨੇ ਹਿਸਾ ਲਿਆ।

(13) ਡਾ. ਜਸਪਾਲ ਸਿੰਘ, ਮੁੱਖੀ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਵਿਸ਼ਵ ਸਿਹਤ ਸੰਸਥਾ ਦੇ ਅੰਤਰ-ਰਾਸ਼ਟਰੀ ਸਲਾਹਕਾਰ ਨਿਯੁਕਤ ਕੀਤੇ ਗਏ ਹਨ। ਨਾਲ ਹੀ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਖੇਡ ਅਤੇ ਯੁਵਕ ਭਲਾਈ ਮੰਤਰਾਲੇ ਵਲੋਂ ਦੇਸ਼ ਵਿਚ ਸਪੋਰਟਸ ਸਾਇੰਸ ਕੇਂਦਰ ਖੋਲ੍ਹਣ ਲਈ ਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

(14) ਫਿਜੀਕਸ ਵਿਭਾਗ ਦੇ ਮੁਖੀ ਡਾ. ਬੀ.ਐਸ. ਬਾਜਵਾ ਨੇ ਆਸਟ੍ਰੀਆ ਵਿਚ 2 ਤੋਂ 7 ਮਈ ਤੱਕ ਹੋਈ ਯੂਰਪੀਅਨ ਜਨਰਲ ਸਾਇੰਸ ਦੀ ਜਨਰਲ ਅਸੈਂਬਲੀ 2010 ਵਿਚ ਭਾਗ ਲਿਆ ਅਤੇ ਪਰਚਾ ਪੜ੍ਹਿਆ।

(15) ਅਕਾਦਮਿਕ ਸਟਾਫ ਕਾਲਜ ਵਿਖੇ 8 ਮਈ ਤੋਂ 4 ਜੂਨ ਤੱਕ ਜਨਰਲ ਓਰੀਐਂਟੇਸ਼ਨ ਕੋਰਸ ਲਗਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਸੋਸ਼ਲ ਸਾਇੰਸਜ਼ ਵਿਸ਼ੇ ਦਾ ਤਿੰਨ ਹਫਤਿਆਂ ਦਾ ਰਿਫਰੈਸ਼ਰ ਕੋਰਸ 8 ਜੂਨ ਤੋਂ ਲਗਾਇਆ ਜਾ ਰਿਹਾ ਹੈ।

(16) ਕੰਪਿਊਟਰ ਸਾਇੰਸ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਹਰਦੀਪ ਸਿੰਘ ਨੂੰ ਕੰਪਿਊਟਰ ਸਾਇੰਸ ਐਜੂਕੇਸ਼ਨ ਅਤੇ ਰਿਸਰਚ ਵਿਚ ਪ੍ਰਾਪਤੀਆਂ ਲਈ ਬ੍ਰਿਟਿਸ਼ ਕੰਪਿਊਟਰ ਸੁਸਾਇਟੀ ਵਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ।

(17) ਯੂਨੀਵਰਸਿਟੀ ਵਿਖੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ 24 ਤੋਂ 28 ਮਈ ਤੱਕ ਸਾਇੰਸ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿਚ +1 ਅਤੇ +2 ਦੇ ਸਾਇੰਸ ਪੜ੍ਹ ਰਹੇ ਵਿਦਿਆਰਥੀ ਹਿੱਸਾ ਲੈ ਰਹੇ ਹਨ। ਇਸ ਕੈਂਪ ਦਾ ਮਕਸਦ ਵਿਦਿਆਰਥੀਆਂ ਵਿਚ ਸਾਇੰਸ ਨੂੰ ਕੈਰੀਅਰ ਵਜੋਂ ਅਪਨਾਉਣ ਲਈ ਰੁਝਾਨ ਪੈਦਾ ਕਰਨਾ ਹੈ।

(18) ਯੂਨੀਵਰਸਿਟੀ ਦੇ ਏ.ਆਈ.ਐਸ. ਟ੍ਰੇਨਿੰਗ ਸੈਂਟਰ ਵਲੋਂ 19 ਮਈ ਤੋਂ ਸੀ.ਡੀ.ਐਸ., ਐਨ.ਡੀ.ਏ., ਬੈਂਕ ਪੀ.ਓ. ਟੈਸਟਾਂ ਦੀ ਤਿਆਰੀ ਲਈ 12 ਹਫਤਿਆਂ ਦਾ ਇੰਟੈਂਸਿਵ ਕੋਰਸ ਲਗਾਇਆ ਜਾ ਰਿਹਾ ਹੈ।

(19) ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਵਾਈਸ-ਚਾਂਸਲਰ ਨੂੰ 31.12.2011 ਤੱਕ ਸਟੈਂਡਿੰਗ ਕਮੇਟੀ ਦਾ ਮੈਂਬਰ ਕੋ-ਆਪਟ ਕੀਤਾ ਗਿਆ ਹੈ।

(20) ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਾਰਚ 2010 ਤੋਂ ਹੁਣ ਤੱਕ ਵੱਖ-ਵੱਖ ਕੰਪਨੀਆਂ ਵਲੋਂ 103 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ ਕੀਤੀ ਗਈ ਹੈ। ਇਸ ਤਰ੍ਹਾਂ 2010 ਵਿਚ ਪਾਸ ਆਊਟ ਹੋਣ ਵਾਲੇ ਬੈਚ ਦੇ ਵੱਖ-ਵੱਖ ਕੋਰਸਾਂ ਦੇ 389 ਵਿਦਿਆਰਥੀ ਹੁਣ ਤੱਕ ਨੈਸ਼ਨਲ ਅਤੇ ਮਲਟੀਨੈਸ਼ਨਲ ਆਈ.ਟੀ. ਕੰਪਨੀਆਂ ਵਿਚ ਨੌਕਰੀ ਲਈ ਚੁਣੇ ਜਾ ਚੁੱਕੇ ਹਨ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ**

ਗਤੀਵਿਧੀਆਂ ਤੇ ਤੱਸਲੀ ਦਾ ਪ੍ਰਗਟਾਵਾ ਕੀਤਾ।

ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

43. ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਮੈਸਟਰ ਸਿਸਟਮ ਅਧੀਨ ਕੋਰਸਾਂ ਵਿਚ ਮਈ 2010 ਦੇ ਆਖਰੀ ਸਮੈਸਟਰ ਦੇ ਵਿਦਿਆਰਥੀਆਂ ਨੂੰ, ਸੱਤਵੇਂ ਸਮੈਸਟਰ ਤੋਂ ਇਲਾਵਾ ਹੇਠਲੇ ਸਮੈਸਟਰ ਵਿਚ ਵੀ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ, ਸੱਤਵੇਂ ਸਮੈਸਟਰ ਵਿਚ ਅਪੀਅਰ ਹੋਣ ਲਈ ਵਿਸ਼ੇਸ਼ ਮੌਕੇ ਦੀ ਪੁਸ਼ਟੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਮੈਸਟਰ ਸਿਸਟਮ ਅਧੀਨ ਵੱਖ-ਵੱਖ ਕੋਰਸਾਂ ਦੇ ਆਖਰੀ ਸਮੈਸਟਰ ਦੇ ਮਈ 2010 ਦੀ ਪ੍ਰੀਖਿਆ ਵਿਚ ਪ੍ਰਵੇਸ਼ ਹੋਣ ਵਾਲੇ ਅਜਿਹੇ ਵਿਦਿਆਰਥੀ, ਜਿਨ੍ਹਾਂ ਦੀ ਸੱਤਵੇਂ ਸਮੈਸਟਰ ਤੋਂ ਇਲਾਵਾ ਹੇਠਲੇ ਸਮੈਸਟਰ ਜਿਵੇਂ ਕਿ ਛੇਵਾਂ ਸਮੈਸਟਰ ਆਦਿ ਵਿਚੋਂ ਵੀ ਰੀ-ਅਪੀਅਰ ਹੈ, ਨੂੰ ਨਾਰਮਲ ਫੀਸ ਤੋਂ ਇਲਾਵਾ 10000/- ਰੁਪਏ ਸਪੈਸ਼ਲ ਫੀਸ ਸਮੇਤ 10000/- ਰੁਪਏ ਜੁਰਮਾਨਾ ਫੀਸ ਨਾਲ, ਮਈ 2010 ਵਿਚ ਸੱਤਵੇਂ ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਲਈ ਵਿਸ਼ੇਸ਼ ਮੌਕਾ ਦਿੱਤਾ ਹੈ।

ਵਿਕਰੰਤਜੀਤ ਸਿੰਘ ਨੂੰ ਐਲ.ਐਲ.ਬੀ. (ਪੰਜ ਸਾਲਾ ਕੋਰਸ) ਦੇ ਨੋਵੇਂ ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਲਈ ਵਿਸ਼ੇਸ਼ ਮੌਕੇ ਦੀ ਪੁਸ਼ਟੀ।

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਲ.ਐਲ.ਬੀ. (ਪੰਜ ਸਾਲਾ ਕੋਰਸ) ਦੇ ਵਿਦਿਆਰਥੀ- ਸ੍ਰੀ ਵਿਕਰੰਤਜੀਤ ਸਿੰਘ, ਜੋ ਦਸਵੇਂ ਸਮੈਸਟਰ ਵਿਚੋਂ ਪਾਸ ਹੈ, ਨੂੰ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਸਪੈਸ਼ਲ ਫੀਸ ਸਹਿਤ ਮਈ 2010 ਵਿਚ ਨੋਵੇਂ ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਹੈ।

ਪੀ.ਐਚ.ਡੀ. ਦੇ ਅਧਿਆਦੇਸ਼ਾਂ ਵਿਚ ਸੋਧ ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੀ.ਐਚ.ਡੀ. ਨਿਯਮਾਂ ਵਿਚ ਰਿਸਰਚ ਡਿਗਰੀ ਬੋਰਡ ਅਤੇ ਸਿੰਡੀਕੇਟ ਵਲੋਂ ਸਮੇਂ-ਸਮੇਂ ਕੀਤੀਆਂ ਸੋਧਾਂ ਨੂੰ ਮੁੱਖ ਰੱਖਦਿਆਂ ਪੀ.ਐਚ.ਡੀ. ਦੇ ਸੋਧੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

ਰੈਗੂਲੇਸ਼ਨਜ਼ ਕਮੇਟੀ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

47. ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 1 ਉੱਤੇ ਅਧਿਆਦੇਸ਼ 1 ਅਨੁਸਾਰ ਮਿਤੀ 1.7.2010 ਤੋਂ 30.6.2011 ਤੱਕ, ਇਕ ਸਾਲ ਲਈ ਰੈਗੂਲੇਸ਼ਨਜ਼ ਕਮੇਟੀ ਨਿਯੁਕਤ ਕਰਨ ‘ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ

1 ਉੱਤੇ ਅਧਿਆਦੇਸ਼ 1 ਅਨੁਸਾਰ ਮਿਤੀ 1.7.2010 ਤੋਂ 30.6.2011 ਤੱਕ, ਇਕ ਸਾਲ ਲਈ ਰੈਗੂਲੇਸ਼ਨਜ਼ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀ ਨਿਯੁਕਤੀ ਵਿਚ ਵਾਧਾ।

48. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 29.7.2010 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 30.7.2010 ਤੋਂ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

+2 ਪ੍ਰੀਖਿਆਂ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਦੇਣ ਦੀ ਪਰਵਾਨਗੀ।

49. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਹੋਈ ਕਿ +2 ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ 2010-11 ਲਈ ਬੀ.ਏ./ਬੀ.ਐਸ.ਸੀ.(ਮੈਡੀਕਲ ਅਤੇ ਨਾਨ-ਮੈਡੀਕਲ)/ਬੀ.ਕਾਮ. ਭਾਗ ਪਹਿਲਾ ਵਿਚ ਦਾਖਲਾ ਇਸ ਸ਼ਰਤ 'ਤੇ ਦਿੱਤਾ ਜਾਵੇ ਕਿ ਉਹ ਆਪਣੀ ਕੰਪਾਰਟਮੈਂਟ ਵਿਸ਼ੇ ਦੀ ਪ੍ਰੀਖਿਆ ਦਸੰਬਰ, 2010 ਤੱਕ ਕਲੀਅਰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

**ਪਾਸ ਹੋਇਆ** ਕਿ +2 ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ 2010-11 ਲਈ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਚ ਚੱਲ ਰਹੇ ਸਾਰੇ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਇਸ ਸ਼ਰਤ 'ਤੇ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਕੰਪਾਰਟਮੈਂਟ ਵਿਸ਼ੇ ਦੀ ਪ੍ਰੀਖਿਆ ਦਸੰਬਰ, 2010 ਤੱਕ ਕਲੀਅਰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

ਸਬੰਧਤ ਵਿਭਾਗਾਂ/ ਕੋਰਸਾਂ ਲਈ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਕਰਵਾਉਣ ਦੀ ਵਿਵਸਥਾ ਸਬੰਧੀ।

50. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅੰਡਰ ਗ੍ਰੈਜੂਏਟ ਪੱਧਰ 'ਤੇ ਵੱਖ-ਵੱਖ ਕੋਰਸਾਂ ਵਿਚ ਪ੍ਰੋਜੈਕਟ ਰਿਪੋਰਟ/ ਖੋਜ ਨਿਬੰਧ ਜਮ੍ਹਾਂ ਕਰਵਾਉਣ ਸਬੰਧੀ ਸਿੰਡੀਕੇਟ ਦੀ ਇਕੱਤਰਤਾ ਮਿਤੀ 4.2.2010 ਦੇ ਪੈਰਾ 30 ਰਾਹੀਂ ਲਿਆ ਗਿਆ ਨਿਰਣਾ ਹੇਠ ਲਿਖੇ ਵਿਭਾਗਾਂ/ਕੋਰਸਾਂ 'ਤੇ ਲਾਗੂ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਵਿਭਾਗਾਂ/ਕੋਰਸਾਂ ਲਈ ਪਹਿਲਾਂ ਵਾਲੀ ਵਿਵਸਥਾ ਜਾਰੀ ਰੱਖੀ ਜਾਂਦੀ ਹੈ:-

1. Department of Computer Sci. & Engg.
2. Department of Electronics
3. Department of Architecture
4. Department of Planning
5. Bachelor of Design
6. Bachelor in Multimedia
7. B. Tech. Food Sci. & Technology
8. B. Tech. Textile Chemistry
9. B. Tech. Sugar & Alcohol Technology

ਅਧਿਆਪਕਾਂ ਨੂੰ ਅਧਿਆਪਨ ਕਾਰਜ ਤੋਂ ਇਲਾਵਾ ਵਾਧੂ ਡਿਊਟੀਜ਼

51. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ –

ਨਿਭਾਉਣ ਦੇ ਇਵਜ਼ ਵਿਚ ਮਾਨ-ਭੱਤਾ ਦੇਣ ਸਬੰਧੀ।

(ੳ) ਯੂਨੀਵਰਸਿਟੀ ਵਿਖੇ ਪ੍ਰਬੰਧਕੀ ਕਾਰਜਾਂ ਨੂੰ ਚਲਾਉਣ ਲਈ ਅਧਿਆਪਕਾਂ ਨੂੰ ਅਧਿਆਪਨ ਕਾਰਜਾਂ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਡਿਊਟੀਜ਼ ਨਿਭਾਉਣ ਦੇ ਇਵਜ਼ ਵਿਚ ਹੇਠ ਲਿਖੇ ਅਨੁਸਾਰ ਮਾਨ-ਭੱਤਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. ਪ੍ਰੋਫ਼ੈਸਰ ਇੰਚਾਰਜ, ਪ੍ਰੀਖਿਆਵਾਂ 5000/- ਰੁਪਏ ਪ੍ਰਤੀ ਮਹੀਨਾ
2. ਪ੍ਰੋਫ਼ੈਸਰ ਇੰਚਾਰਜ, ਵਿਤ ਤੇ ਵਿਕਾਸ 5000/- ਰੁਪਏ ਪ੍ਰਤੀ ਮਹੀਨਾ
3. ਡੀਨ ਵਿਦਿਆਰਥੀ ਭਲਾਈ 5000/- ਰੁਪਏ ਪ੍ਰਤੀ ਮਹੀਨਾ
4. ਪ੍ਰੋਫ਼ੈਸਰ ਇੰਚਾਰਜ, ਲੋਕ ਸੰਪਰਕ ਵਿਭਾਗ 3500/- ਰੁਪਏ ਪ੍ਰਤੀ ਮਹੀਨਾ
5. ਵਾਰਡਨ, ਹੋਸਟਲਜ਼ (ਲੜਕੇ ਤੇ ਲੜਕੀਆਂ) 3500/- ਰੁਪਏ ਪ੍ਰਤੀ ਮਹੀਨਾ

(ਅ) ਜੇਕਰ ਕਿਸੇ ਹੋਰ ਅਧਿਆਪਕ ਨੂੰ ਅਧਿਆਪਨ ਕਾਰਜ ਤੋਂ ਬਗੈਰ ਕੋਈ ਵਾਧੂ ਕਾਰਜ ਭਾਰ ਦਿੱਤਾ ਜਾਂਦਾ ਹੈ ਤਾਂ ਉਸ ਸਬੰਧੀ ਮਾਨ-ਭੱਤਾ ਦੇਣ ਦੇ ਅਧਿਕਾਰ ਵਾਈਸ-ਚਾਂਸਲਰ ਸਹਿਬ ਨੂੰ ਦਿੱਤੇ ਜਾਂਦੇ ਹਨ।

ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

52. ਮਿਤੀ 1.7.2010 ਤੋਂ 30.6.2011 ਤਕ, ਇਕ ਸਾਲ ਲਈ ਟੈਂਡਰ ਕਮੇਟੀ ਗਠਿਤ ਕਰਨ ‘ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 1.7.2010 ਤੋਂ 30.6.2011 ਤੱਕ, ਇਕ ਸਾਲ ਲਈ ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਹਿਬ ਨੂੰ ਦਿੱਤੇ ਜਾਂਦੇ ਹਨ।

ਨਵੇਂ ਕਾਲਜਾਂ ਨੂੰ ਸਬੰਧਤਾ ਪਰਦਾਨ ਕਰਨ ਲਈ ਸਟੈਚਿਊਟ 13 ਵਿਚ ਸੋਧ।

53. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ ’ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਨਵੇਂ ਕਾਲਜਾਂ ਨੂੰ ਸਬੰਧਤਾ ਪਰਦਾਨ ਕਰਨ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 141 ਉਤੇ ਸਟੈਚਿਊਟ 13 ਉਤੇ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

| **Exiting Statutes** | **Proposed Statutes** |
|---|---|
| 13. No application for admission to the privileges of the University from a new college shall be entertained unless full facts regarding the Endowment Fund or the guaranteed income are available . A committee of Enquiry shall be appointed only after the Academic Council is satisfied that the Institution applying for admission to the privileges of the University possesses the required funds, etc. The last date for receipt of applications for admission of colleges to the privileges of the University is December 1 of the year preceeding the one in which it | 13. No application for admission to the privileges of the University from a new college shall be entertained unless full facts regarding the Endowment Fund or the guaranteed income are available. A committee of enquiry shall be appointed only after the Academic Council is satisfied that the Institution applying for admission to the privileges of the University possesses the required funds, etc. The last date for receipt of applications for admission of colleges to the privileges of the University is December 31 of the year preceeding the one in which it is proposed to start the classes. |

is proposed to start the classes.

This Amendment will be applicable to the applications submitted for the starting New College from the session 2010-2011.

**ਬਿਲਡਿੰਗ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

54. ਯੂ.ਜੀ.ਸੀ. ਵੱਲੋਂ ਨਿਰਧਾਰਤ ਸੇਧਾਂ ਅਨੁਸਾਰ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਬਿਲਡਿੰਗ ਐਡਵਾਈਜਰੀ ਕਮੇਟੀ ਗਠਿਤ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਯੂ.ਜੀ.ਸੀ. ਵੱਲੋਂ ਨਿਰਧਾਰਤ ਸੇਧਾਂ ਅਨੁਸਾਰ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਬਿਲਡਿੰਗ ਐਡਵਾਈਜਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਹਿਬ ਨੂੰ ਦਿੱਤੇ ਜਾਂਦੇ ਹਨ।

**ਐਮ.ਫਿਲ./ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟੋ ਮਿਆਰ ਅਤੇ ਪ੍ਰਕ੍ਰਿਆ ਨਿਰਧਾਰਤ ਕਰਨ ਲਈ ਰੈਗੂਲੇਸ਼ਨਜ਼ ਵਿਚ ਸੋਧ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਐਮ.ਫਿਲ./ਪੀ.ਐਚ. ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਨਿਰਧਾਰਤ ਕਰਨ ਸਬੰਧੀ ਰੈਗੂਲੇਸ਼ਨਜ਼ ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ। ਸੋਧ ਸਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਐਸ.ਐਮ. ਡੀ. ਆਰ. ਐਸ. ਡੀ. ਕਾਲਜ ਪਠਾਨਕੋਟ ਵਿਖੇ ਸਮੂਹਕ ਨਕਲ ਸਬੰਧੀ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ/ਸੋਧ ਸਹਿਤ ਪੁਸ਼ਟੀ।**

56. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਮਿਤੀ 1.4.2010 ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਮਾਰਚ, 2010 ਦੀਆਂ ਸਾਲਾਨਾ ਪ੍ਰੀਖਿਆਵਾਂ ਦੌਰਾਨ ਐਸ.ਐਮ. ਡੀ. ਆਰ. ਐਸ. ਡੀ. ਕਾਲਜ, ਪਠਾਨਕੋਟ ਵਿਖੇ ਮਿਤੀ 31.3.2010 ਨੂੰ ਬੀ.ਏ./ਬੀ.ਐਸ.ਸੀ. ਭਾਗ ਦੂਜਾ ਦੀ ਅੰਗ੍ਰੇਜ਼ੀ ਕੰਪਲਸਰੀ ਵਿਸ਼ੇ ਦੀ ਪ੍ਰੀਖਿਆ ਦੌਰਾਨ ਕੇਂਦਰ ਨੰ: 2 ਵਿਚ ਸਮੂਹਕ ਨਕਲ ਸਬੰਧੀ ਫਲਾਇੰਗ ਸਕੂਐਡ ਦੀ ਰਿਪੋਰਟ ਮਿਤੀ 31.3.2010 (**ਅੰਤਿਕਾ** I) ਅਤੇ ਪ੍ਰੋਫੈਸਰ ਇੰਚਾਰਜ, ਪ੍ਰੀਖਿਆ ਦੀ ਸਿਫ਼ਾਰਸ਼ ਮਿਤੀ 1.4.2010 ਦੇ ਅਧਾਰ 'ਤੇ (**ਅੰਤਿਕਾ II**) ਅਨੁਸਾਰ ਆਦੇਸ਼ ਕੀਤੇ ਹਨ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ: ਇਸ ਕੇਸ ਵਿਚ ਵਿਦਿਆਰਥੀਆਂ ਨੇ Simrat Walia & Others ਰਾਹੀਂ ਮਾਨਯੋਗ ਹਾਈ ਕੋਰਟ ਵਿਚ CWP No. 7396 of 2010 ਕੇਸ ਕੀਤਾ ਹੈ (**ਅੰਤਿਕਾ III**) ਜਿਸ ਉਤੇ ਹਾਈ ਕੋਰਟ ਨੇ ਮਿਤੀ 27.4.2010 ਦੇ ਅੰਤ੍ਰਿਮ ਆਦੇਸ਼ਾਂ ਰਾਹੀਂ ਵਿਦਿਆਰਥੀਆਂ ਪਾਸੋਂ 1000/- ਰੁਪਏ ਦੀ ਵਸੂਲੀ ਸਬੰਧੀ ਸਟੇਅ ( **ਅੰਤਿਕਾ IV**)) ਕੀਤਾ ਹੈ।

After discussion , the Syndicate felt satisfied , in terms of Ordinance 21 of the UMC Ordinances given in GNDU Calendar, 1999, Vol. III, page 83, that on the basis of the enquiry forming the report dated 31.3.2010 of the University Flying Squad comprising of its four retired Officers, the integrity of the B.A./ B.Sc. Part-II examination in the subject of English compulsory at the S.M.D.R.S.D. College, Pathankot, Centre No. 2 , held on 31.3.2010 was violated due to mass copying which must have been as a consequence of a large-scale unfair

assistance rendered to the examinees.

**RESOLVED**, therefore, that the action of the Vice-Chancellor in passing the aforesaid order dated 1.4.2010 be, and is hereby, approved in the following amended form:

1. The B.A./B.Sc. Part-II examination in the subject of English compulsory held at the S.M.D.R.S.D. College, Pathankot, Centre No. 2, on 31.3.2010 is cancelled and all the examinees at that centre shall undergo re-examination in the said subject/paper.
2. The re-examination of all the candidates/ examinees of B.A./ B.Sc. Part-II in the said subject /paper of English compulsory shall now be held in May/June, 2010, under the same University Roll Numbers at the Guru Nanak Dev University Campus, Amritsar, on a date and time to be notified by the Vice-Chancellor.
3. No penal fee shall be charged from the examinees/candidates concerned.
4. The Principal, Centre Superintendent and supervisory staff on duty be issued strict warnings, if not already issued pursuant to order dated 1.4.2010 of the Vice-Chancellor, to be careful to prevent such mass copying in future.
5. The Centre Superintendent concerned may be replaced immediately, if not already replaced pursuant to order dated 1.4.2010.
6. The University examination centre at the said S.M.D.R.S.D. College, Pathankot, is hereby abolished and no University examination shall be held in the premises of the said College for a period of two years.
7. This decision is subject to the final orders that may be passed in the Civil Writ Petition No. 7396 of 2010 (Simrit Walia & Ors. Vs. GNDU & Ors.) pending in the Hon'ble Punjab & Haryana High Court.

ਮੈਰਿਟ ਦੇ ਅਧਾਰ 'ਤੇ ਦਾਖਲ ਕੀਤੇ ਜਾਣ ਵਾਲੇ ਕੋਰਸਾਂ ਵਿਚ ਦਾਖਲੇ ਲਈ ਵੱਖ-ਵੱਖ ਬੋਰਡਾਂ ਬਾਰੇ **Normalization** ਪਾਲਿਸੀ ਲਾਗੂ ਕਰਨ ਦੀ ਪਰਵਾਨਗੀ।

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਲਈ ਮੈਰਿਟ ਦੇ ਅਧਾਰ 'ਤੇ ਦਾਖਲ ਕੀਤੇ ਜਾਣ ਵਾਲੇ ਕੋਰਸਾਂ ਵਿਚ ਦਾਖਲੇ ਲਈ ਵੱਖ-ਵੱਖ ਬੋਰਡਾਂ ਸਬੰਧੀ Normalization ਦੀ ਪਾਲਿਸੀ **ਅੰਤਿਕਾ** ਅਨੁਸਾਰ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ Normalization ਸਬੰਧੀ ਨਿਰਣਾ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਲਾਗੂ ਹੋਵੇਗਾ।

ਯੁਵਕ ਭਲਾਈ ਸਲਾਹਕਾਰ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

58. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਇੱਕਤਰਤਾ ਮਿਤੀ 13.5.2010 ਦੀਆਂ ਸਿਫਾਰਸ਼ਾਂ (ਮੱਦ ਨੰ: 1,2 ਅਤੇ 5) **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਵਿਅਕਤੀਆਂ ਦੀ ਮੁੜ ਨਿਯੁਕਤੀ ਦੀ ਪੁਸ਼ਟੀ।**

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਸ੍ਰੀ ਹਰਜੀਤ ਲਾਲ, ਸਾਬਕਾ ਫ਼ਿਜੀਓਥਰਾਪਿਸਟ, ਸਪੋਰਟਸ ਮੈਡੀਸਨ ਅਤੇ ਫ਼ਿਜੀਓਥਰਾਪੀ ਵਿਭਾਗ ਨੂੰ ਮਿਤੀ 11.5.2010 ਤੋਂ 29.7.2010 ਤੱਕ (80 ਦਿਨ) ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 8300/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਉੱਤੇ ਉਕਤ ਵਿਭਾਗ ਵਿਖੇ ਫਿਜ਼ੀਓਥਰਾਪਿਸਟ ਵਜੋਂ ਮੁੜ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਮੁੜ ਨਿਯੁਕਤੀ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ(ਮੇਲ) ਯੂਨੀਵਰਸਿਟੀ ਹੈਲਥ ਸੈਂਟਰ ਨੂੰ ਮਿਤੀ 24.5.2010 ਤੋਂ 20.8.2010 (89 ਦਿਨ) ਤੱਕ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6900/- ਰੁਪਏ ਮਾਸਿਕ (ਬਿਲਮੁਕਤਾ) ਉਤੇ, ਕੰਟ੍ਰੈਕਟ ਅਧਾਰ ਤੇ ਸਟਾਫ ਨਰਸ(ਮੇਲ) ਵਜੋਂ ਮੁੜ ਨਿਯੁਕਤ ਕੀਤਾ ਹੈ।ਉਸ ਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ੲ) ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ) ਨੂੰ 5000/-ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮਿਤੀ 15.4.2010 ਤੋਂ 13.6.2010 (60 ਦਿਨ) ਤੱਕ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਅਧਾਰ 'ਤੇ ਮੁੜ ਨਿਯੁਕਤ ਕੀਤਾ ਹੈ। ਉਸ ਦੀ ਮੁੜ ਨਿਯੁਕਤੀ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ ਐਕਟਿੰਗ ਪ੍ਰਿੰਸੀਪਲ ਅਤੇ ਓ.ਐਸ. ਡੀ. ਦੀ ਨਿਯੁਕਤੀ ਦੀ ਪੁਸ਼ਟੀ।**

60. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ:-

(ੳ) ਸ੍ਰੀ ਸੁਭਾਸ਼ ਚੰਦਰ ਸ਼ਰਮਾ, ਪ੍ਰਿੰਸੀਪਲ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਸੇਵਾ-ਮੁਕਤੀ ਉਪਰੰਤ ਮਿਤੀ 1.4.2010 ਤੋਂ ਸ੍ਰੀਮਤੀ ਪਰਮਜੀਤ ਕੌਰ, ਸੀਨੀਅਰ ਮੋਸਟ ਲੈਕਚਰਾਰ ਨੂੰ ਐਕਟਿੰਗ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ।

(ਅ) ਸ਼੍ਰੀ ਸੁਭਾਸ਼ ਚੰਦਰ ਸ਼ਰਮਾ, ਪ੍ਰਿੰਸੀਪਲ (ਸੇਵਾ-ਮੁਕਤ) ਨੂੰ ਮਿਤੀ 1.4.2010 ਤੋਂ ਸਕੂਲ ਵਿਖੇ ਰੈਗੂਲਰ ਪ੍ਰਿੰਸੀਪਲ ਨਿਯੁਕਤ ਹੋਣ ਤੱਕ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ 12000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਆਫ਼ੀਸਰ ਆਨ ਸਪੈਸ਼ਲ ਡਿਊਟੀ ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਤਨਖਾਹ ਪ੍ਰਿੰਸੀਪਲ ਦੀ ਅਸਾਮੀ ਵਿਰੁੱਧ ਚਾਰਜ ਕੀਤੀ ਜਾਵੇਗੀ।

**ਪਾਸ ਹੋਇਆ** ਕਿ -

(ੳ) ਸ੍ਰੀ ਸੁਭਾਸ਼ ਚੰਦਰ ਸ਼ਰਮਾ, ਪ੍ਰਿੰਸੀਪਲ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਸੇਵਾ-ਮੁਕਤੀ ਉਪਰੰਤ ਮਿਤੀ 1.4.2010 ਤੋਂ ਸ੍ਰੀਮਤੀ ਪਰਮਜੀਤ ਕੌਰ, ਸੀਨੀਅਰ ਮੋਸਟ ਲੈਕਚਰਾਰ ਨੂੰ ਸਕੂਲ ਵਿਖੇ ਇਕ ਸਾਲ ਲਈ ਜਾਂ ਰੈਗੂਲਰ ਪ੍ਰਿੰਸੀਪਲ ਦੀ ਨਿਯੁਕਤੀ ਹੋਣ ਤੱਕ, ਜੋ ਵੀ ਪਹਿਲਾਂ ਹੋਵੇ,

ਐਕਟਿੰਗ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ।

(ਅ) ਸ਼੍ਰੀ ਸੁਭਾਸ਼ ਚੰਦਰ ਸ਼ਰਮਾ, ਪ੍ਰਿੰਸੀਪਲ (ਸੇਵਾ-ਮੁਕਤ) ਨੂੰ ਮਿਤੀ 1.4.2010 ਤੋਂ ਇਕ ਸਾਲ ਲਈ ਜਾਂ ਰੈਗੂਲਰ ਪ੍ਰਿੰਸੀਪਲ ਨਿਯੁਕਤ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ 12000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਆਫ਼ੀਸਰ ਆਨ ਸਪੈਸ਼ਲ ਡਿਊਟੀ ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਤਨਖਾਹ ਪ੍ਰਿੰਸੀਪਲ ਦੀ ਅਸਾਮੀ ਵਿਰੁੱਧ ਚਾਰਜ ਕੀਤੀ ਜਾਵੇਗੀ।

ਡਾ. ਸੁਖਲੀਨ ਬਿੰਦਰਾ ਦੀ ਸਬੰਧਤ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦੀ ਪਰਵਾਨਗੀ।

61. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜਸਵੀਰ ਸਿੰਘ ਪ੍ਰੋਫੈਸਰ, ਇਲੈਕਟ੍ਰੋਨਿਕਸ ਵਿਭਾਗ ਜਿਸ ਦੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 27 ਉੱਤੇ ਦਰਜ ਸਟੈਚਿਊਟ ਅਧੀਨ ਵਿਭਾਗ ਦੇ ਮੁਖੀ ਵਜੋਂ ਵਾਰੀ ਆਉਂਦੀ ਹੈ, ਵਲੋਂ ਖਰਾਬ ਸਿਹਤ ਕਾਰਣ ਵਿਭਾਗ ਦੇ ਮੁਖੀ ਵਜੋਂ ਡਿਊਟੀਜ਼ ਨਿਭਾਉਣ ਤੋਂ ਅਸਮਰਥਾ ਜਾਹਿਰ ਕਰਨ ਕਰਕੇ ਉਨ੍ਹਾਂ ਦੀ ਥਾਂ ਡਾ. ਸੁਖਲੀਨ ਬਿੰਦਰਾ ਨੂੰ ਮਿਤੀ 1.7.2010 ਤੋਂ 30.6.2013 ਤੱਕ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ।

**NCTE** ਦੁਆਰਾ ਬੀ.ਪੀ.ਐਡ ਅਤੇ ਐਮ.ਐਡ. ਕਲਾਸਾਂ ਲਈ ਅਧਿਆਪਕਾਂ ਵਾਸਤੇ ਜਾਰੀ ਯੋਗਤਾਵਾਂ ਅਤੇ ਐਮ.ਐਡ. ਕਲਾਸ ਲਈ ਲੋੜੀਂਦਾ ਸਟਾਫ ਸਬੰਧੀ।

62. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀ.ਪੀ.ਆਈ. (ਕਾਲਜਾਂ), ਪੰਜਾਬ, ਚੰਡੀਗੜ੍ਹ ਵੱਲੋਂ ਪ੍ਰਾਪਤ ਪੱਤਰ ਮੀਮੋ ਨੰ: 473-7/6-2010 ਕਾ.ਐਜੂ(2)/1616 ਮਿਤੀ 29.4.2010 ਅਤੇ NCTE ਦੇ ਪੱਤਰ F.No. 51-1/2009/N&S/NCTE/A10288 ਮਿਤੀ 12.2.2010 ਰਾਹੀਂ ਬੀ.ਪੀ.ਐਡ. ਅਤੇ ਐਮ.ਐਡ. ਕਲਾਸਾਂ ਲਈ ਲੈਕਚਰਾਰ, ਰੀਡਰ ਅਤੇ ਪ੍ਰੋਫੈਸਰ ਵਾਸਤੇ ਜਾਰੀ ਯੋਗਤਾਵਾਂ **ਅੰਤਿਕਾ-I** ਅਤੇ ਐਮ.ਐਡ. ਕਲਾਸ ਲਈ ਲੋੜੀਂਦਾ ਸਟਾਫ (ਨਾਰਮਜ਼ ਅਤੇ ਸਟੈਂਡਰਡ) **ਅੰਤਿਕਾ-II** ਇਸ ਯੂਨੀਵਰਸਿਟੀ ਵਿਖੇ ਅਡਾਪਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**Assured Career Progression Scheme** ਅਧੀਨ ਇਕ ਕੇਡਰ ਵਿਚ 4-9-14 ਸਾਲ ਦੀ ਸੇਵਾ ਹੋਣ ਉਪਰੰਤ ਬਣਦਾ ਲਾਭ ਦੇਣ ਦੀ ਪਰਵਾਨਗੀ।

63. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੇ ਨੋਟੀਫ਼ਿਕੇਸ਼ਨ ਨੰ: 7/60/2006-5 PPI/15963 ਮਿਤੀ 3.11.2006 ਰਾਹੀਂ Assured Career Progression Scheme ਸਬੰਧੀ ਜਾਰੀ ਹਦਾਇਤਾਂ ( ਜੋ ਇਸ ਯੂਨੀਵਸਿਟੀ ਵੱਲੋਂ ਪਹਿਲਾਂ ਅਪਣਾਈਆਂ ਗਈਆਂ ਹਨ) ਅਨੁਸਾਰ ਇਕ ਕੇਡਰ ਵਿਚ 4-9-14 ਸਾਲ ਦੀ ਸੇਵਾ ਹੋਣ ਉਪਰੰਤ ਹੇਠ ਲਿਖੇ ਅਧਿਕਾਰੀ ਨੂੰ, ਉਸ ਅੱਗੇ ਦਰਸਾਏ ਅਨੁਸਾਰ , ਯੋਗ ਹੋਣ ਦੀ ਮਿਤੀ ਤੋਂ ਉਚੇਰੇ ਸਕੇਲ ਵਿਚ ਬਣਦੀ ਤਨਖਾਹ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਕਾਰੀ ਦਾ ਨਾਂ ਅਤੇ ਅਹੁੱਦਾ | ਇਕ ਕੇਡਰ ਵਿਚ ਸਰਵਿਸ ਉਪਰੰਤ | ਜਿਸ ਮਿਤੀ ਤੋਂ ਬਣਦੀ ਤਨਖਾਹ ਦੇਣੀ ਹੈ | ਬਣਦੀ ਬੇਸਿਕ ਤਨਖਾਹ (ਰੁ:) | ਦਿੱਤਾ ਜਾਣ ਵਾਲਾ ਹਾਇਰ ਸਕੇਲ (ਰੁ:) |
|---|---|---|---|---|---|
| 1. | ਸ. ਸੰਤ ਸਿੰਘ, ਨਿਗਰਾਨ | 4 ਸਾਲਾ ਸਟੈਪ-ਅੱਪ | 7.3.2009 | 11320/- | 7880-11660+S.A. |

ਬਾਲਗ ਨਿਰੰਤਰ ਸਿੱਖਿਆ ਤੇ ਵਿਸਥਾਰ ਵਿਭਾਗ ਦੇ ਨਾਂ ਦੀ ਤਬਦੀਲੀ ਅਤੇ ਵਿਭਾਗ ਵਿਖੇ ਇੰਸਟ੍ਰਕਟਰਾਂ ਦੀ ਭਰਤੀ ਆਦਿ ਸਬੰਧੀ।

64. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ -

(ੳ) ਯੂ.ਜੀ.ਸੀ. ਵੱਲੋਂ ਜਾਰੀ ਗਾਈਡ-ਲਾਈਨਜ਼ ਦੇ ਅਧਾਰ 'ਤੇ ਬਾਲਗ ਨਿਰੰਤਰ ਸਿੱਖਿਆ ਤੇ ਵਿਸਥਾਰ ਵਿਭਾਗ ਦੀ ਸਲਾਹਕਾਰ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰਖਦਿਆਂ ਸਾਲ 2010-11 ਦੇ ਬਜਟ ਭਾਗ ਤੀਜਾ ਵਿਚ ਮੌਜੂਦ "Department of Adult Continuing Education and Extension" ਦਾ ਨਾਂ ਬਦਲ ਕੇ "Department of Lifelong Learning (DLL)" ਕੀਤਾ ਜਾਂਦਾ ਹੈ।

(ਅ) ਵੱਖ-ਵੱਖ ਸਥਾਨਾਂ ਤੇ ਸੈਸ਼ਨ 2010-11 ਤੋਂ ਸ਼ੁਰੂ ਕੀਤੇ ਜਾਣ ਵਾਲੇ ਡਿਪਲੋਮਿਆਂ ਲਈ ਚਾਰ ਇੰਸਟਰਕਟਰਾਂ ਦੀ ਜਰੂਰਤ ਨੂੰ ਪੂਰਿਆਂ ਕਰਨ ਲਈ ਨਵੀਆਂ ਅਸਾਮੀਆਂ ਰਚਿਤ ਕਰਨ ਦੀ ਬਜਾਏ ਹੇਠ ਲਿਖੀਆਂ ਅਸਾਮੀਆਂ ਤੋਂ held in abeyance ਹਟਾ ਕੇ ਅਤੇ ਇਕ ਖਾਲੀ ਅਸਾਮੀ ਵਿਰੁੱਧ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਸਲਾਹਕਾਰ ਕਮੇਟੀ ਦੀ
ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

| | ਸਿਫਾਰਸ਼ਾਂ |
|---|---|
| a) Instructor in Textile Designing (University Campus) | held in abeyance ਹਟਾ ਕੇ instructor in Cosmetology (University Campus) ਦੀ ਨਿਯੁਕਤੀ ਕਰਨ ਬਾਰੇ। |
| b) Instructor in Dress Designing Cutting and Tailoring (Preet Nagar) | held in abeyance ਹਟਾ ਕੇ instructor in Computer Hardware (R.C. Gsp.) ਦੀ ਨਿਯੁਕਤੀ ਕਰਨ ਬਾਰੇ। |
| c) Insturctor in Dress Designing Cutting and Tailoring (Niari) | held in abeyance ਹਟਾ ਕੇ instructor in Computer Hardware (R.C. Gsp.) ਦੀ ਨਿਯੁਕਤੀ ਕਰਨ ਬਾਰੇ। |
| d) Instructor in Electronics, T.V. Maintenance & Servicing (University Campus) | ਖਾਲੀ ਪਈ ਅਸਾਮੀ ਵਿਰੁੱਧ Instructor in Interior Decoration (University Campus) ਦੀ ਨਿਯੁਕਤੀ ਕਰਨ ਬਾਰੇ। |

(ੲ) ਇੰਸਟਰਕਟਰਾਂ ਦੀ ਨਿਯੁਕਤੀ ਲਈ ਯੂਨੀਵਰਸਿਟੀ ਤੋਂ ਬਾਹਰਲੇ ਨਾਮਜਦ ਮੈਂਬਰਾਂ ਨੂੰ ਟੀ.ਏ./ਡੀ.ਏ. ਤੋਂ ਇਲਾਵਾ 500 ਰੁਪਏ ਪ੍ਰਤੀ ਮੈਂਬਰ ਮਾਨਭੱਤਾ (Honorarium) ਦੀ ਅਦਾਇਗੀ ਕੀਤੀ ਜਾਵੇ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 20.5.2010 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

65. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 20.5.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਮੁਲਤਵੀ (deferred) ਕੀਤੀਆਂ ਗਈਆਂ ਮੱਦਾਂ।**

ਮੱਦ ਨੰ: 66,67,68 ਅਤੇ 69 ਮੁਲਤਵੀ (deferred) ਕੀਤੀਆਂ ਗਈਆਂ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

70. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਨੀਲਮ ਕੁਮਾਰੀ | Effectiveness of Yoga in Respect to Stress and their Relationship with Academic Performance at Secondary Stage. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 2. | ਵਿਪਨ ਕੁਮਾਰ | The Concept of Mind: A Comparative Study of the Philosophy of Guru Nanak and Patanjali's Yoga Sutras. | ਰਿਲੀਜਸ ਸਟੱਡੀਜ਼- ਹਿਊਮੈਨਟੀਜ਼ ਐਂਡ ਰਿਲੀਜਸ ਸਟੱਡੀਜ਼ ਫ਼ੈਕਲਟੀ। |
| 3. | ਨੁਸਰਤ ਮਕਬੂਲ | Development of Urdu Short Story in Kashmir | ਉਰਦੂ - ਲੈਂਗੂਏਜ਼ਿਜ ਫ਼ੈਕਲਟੀ। |

**ਵੱਖ-ਵੱਖ ਫ਼ੈਕਲਟੀਆਂ ਦੇ ਪੀ.ਐਚ.ਡੀ. ਕੋਰਸ ਵਰਕ ਲਈ Fee Struture ਨਿਰਧਾਰਤ ਕਰਨ ਲਈ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

71. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਤੋਂ ਵੱਖ-ਵੱਖ ਫ਼ੈਕਲਟੀਆਂ ਦੇ ਪੀ.ਐਚ.ਡੀ. ਕੋਰਸ ਵਰਕ ਲਈ Fee Structure ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 19.5.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸੈਸ਼ਨ 2010-11 ਤੋਂ ਵੱਖ-ਵੱਖ ਕੋਰਸਾਂ ਦੀਆਂ ਫੀਸਾਂ ਦੀ ਪਰਵਾਨਗੀ।**

72. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਤੋਂ **ਅੰਤਿਕਾ** ਵਿਚ ਦਰਸਾਏ ਕੋਰਸਾਂ ਦੀਆਂ ਫੀਸਾਂ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ‘ਤੇ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਸਬੰਧੀ।**

73. ਸਿੰਡੀਕੇਟ ਨੇ ਨੋਟ ਕੀਤਾ ਕਿ ਮਾਨਯੋਗ ਗਵਰਨਰ ਪੰਜਾਬ ਅਤੇ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਪਣੇ ਪੱਤਰ ਨੰ: 5/9/2009/GNDU--2G-PRB/2691 ਮਿਤੀ 16.4.2010 ਰਾਹੀਂ ਹੇਠ ਲਿਖੇ ਦੋ ਪ੍ਰਤੀਸ਼ਠ ਵਿਅਕਤੀਆਂ ਨੂੰ , ਉਨ੍ਹਾਂ ਦੀ ਉਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ‘ਤੇ, ਹਰੇਕ ਅੱਗੇ ਦਰਸਾਏ ਅਨੁਸਾਰ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਗਈ ਹੈ:-

| | |
|---|---|
| 1.Prof. Dr. Richard R. Ernst<br>ETH Zurich Laboratorium<br>fur Physikalische Chemie<br>Wolfgang- Pauli-Strasse 10<br>HCI D217<br>8093 Zurich, Switzerland. | Doctor of Science in the Faculty of Sciences |

| | |
|---|---|
| 2. Dr. Kurt Wuthrich, Cecil H. and Ida M. Green Professor of Structural Biology, Scripps Research Institute, California, USA | Doctor of Science in the Faculty of Sciences |

ਇਹ **ਨੋਟ ਕੀਤਾ** ਕਿ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ਮਿਤੀ 1.3.2011 ਨੂੰ ਹੋ ਰਹੀ ਹੈ। ਉਕਤ ਵਿਅਕਤੀਆਂ ਨੂੰ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦੀ ਅਦਾਇਗੀ ਕੀਤੀ ਜਾਵੇਗੀ।

ਸ੍ਰੀ ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਅਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ ਵਿਰੁੱਧ ਝੂਠੀ ਸ਼ਿਕਾਇਤ ਕਰਨ ਕਰਕੇ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

74. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਡਿਸਟ੍ਰਿਕਟ ਕੋਰਟ, ਅੰਮ੍ਰਿਤਸਰ ਵੱਲੋਂ ਇਸ ਯੂਨੀਵਰਸਿਟੀ ਦੇ ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਮੁਖੀ ਵਿਰੁੱਧ ਰਜਿਸਟਰਾਰ ਸਾਹਿਬ ਨੂੰ ਸੰਬੋਧਿਤ ਸ਼ਿਕਾਇਤ ਸਬੰਧੀ ਉਕਤ ਸ਼ਿਕਾਇਤ ਕਰਤਾ ਤੋਂ ਪੁਛਣ ਤੇ, ਉਨ੍ਹਾਂ ਵੱਲੋਂ ਇਹ ਸ਼ਿਕਾਇਤ ਕਰਨ ਤੋਂ ਇਨਕਾਰ ਕਰਨ ਕਰਕੇ, ਮੁਖੀ ਵਿਭਾਗ ਦੁਆਰਾ ਇਹ ਸ਼ਿਕਾਇਤ ਉਨ੍ਹਾਂ ਦੇ ਵਿਭਾਗ ਦੇ ਪ੍ਰੋਫੈਸਰ ਸ੍ਰੀ ਜੀ.ਐਸ. ਭੱਲਾ ਵਲੋਂ ਕਰਨ ਲਈ ਸ਼ੱਕ ਜਾਹਿਰ ਕੀਤਾ ਹੈ, ਜਿਸ ਦੀ ਇਨਕੁਆਰੀ Handwriting Expert ਕੋਲੋਂ ਕਰਾਉਣ ਤੇ ਉਨ੍ਹਾਂ ਇਸ ਦੀ ਲਿਖਾਈ ਸ੍ਰੀ ਜੀ.ਐਸ. ਭੱਲਾ, ਪ੍ਰੋਫੈਸਰ ਵਲੋਂ ਕੀਤੀ ਦਰਸਾਈ ਹੈ, ਸਬੰਧੀ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਏਜੰਡਾ ਖਤਮ ਹੋਣ ਉਪਰੰਤ ਵਾਈਸ-ਚਾਂਸਲਰ ਸਾਹਿਬ ਨੇ ਮਿਸਿਜ਼ ਵੀਨਾ ਦਾਦਾ, ਪ੍ਰਿੰਸੀਪਲ, ਸੇਂਟ ਸੋਲਜ਼ਰ ਕਾਲਜ (ਕੋ-ਐਜੂਕੇਸ਼ਨ), ਜਲੰਧਰ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

ਸਹੀ/-

(ਏ.ਐਸ. ਬਰਾੜ)
ਵਾਈਸ-ਚਾਂਸਲਰ